# ਇਕ ਬਹੁ-ਪੱਖੀ ਸ਼ਖ਼ਸੀਅਤ—
# ਗੁਰੂ ਅਰਜਨ ਦੇਵ ਜੀ

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।**
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।੩।੧੮।**

**-ਭਾਈ ਗੁਰਦਾਸ ਜੀ**

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦਾ ਕਈ ਸਦੀਆਂ ਦਾ ਭਾਰਤ ਦਾ ਇਤਿਹਾਸ ਘੋਖਣ ਉਪਰੰਤ ਅਸੀਂ ਇਸ ਸਿੱਟੇ 'ਤੇ ਪੁੱਜੇ ਬਿਨਾਂ ਨਹੀਂ ਰਹਿ ਸਕਦੇ ਕਿ ਉਹ ਲੰਮਾ ਕਾਲ ਸ਼ਬਦ 'ਸ਼ਹੀਦ' ਤੋਂ ਹੀ ਕੋਰਾ ਤੇ ਸੱਖਣਾ ਹੈ ।

ਮਨੁੱਖੀ ਜੀਵਨ ਇਕ ਸੰਗ੍ਰਾਮ ਹੈ, ਜਿਸ ਵਿੱਚ ਧਰਮ ਅਤੇ ਅਧਰਮ, ਕਰਮ ਅਤੇ ਕੁਕਰਮ, ਪਾਪ ਤੇ ਪੁੰਨ, ਹੀਣਤਾ ਤੇ ਸਵੈ-ਵਿਸ਼ਵਾਸ, ਗਿਆਨ ਅਤੇ ਅਗਿਆਨ ਦਾ ਆਪਸੀ ਸੰਘਰਸ਼ ਨਿਰੰਤਰ ਚੱਲਦਾ ਰਹਿੰਦਾ ਹੈ ।

ਮਨੁੱਖੀ ਮਨ ਕੇਵਲ ਸ਼ਬਦੀ ਉਪਦੇਸ਼ ਨਾਲ ਹੀ ਪ੍ਰੇਰਿਆ ਨਹੀਂ ਜਾ ਸਕਦਾ, ਜਿਉਂਦੀਆਂ ਜਾਗਦੀਆਂ ਮਿਸਾਲਾਂ ਹੀ ਉਸ ਵਿੱਚ ਨਰੋਈ ਉਤੇਜਨਾ ਪੈਦਾ ਕਰ ਸਕਦੀਆਂ ਹਨ । ਇਹੋ ਭੂਮਿਕਾ ਰਹਿਬਰ, ਮਹਾਂਪੁਰਸ਼, ਪੀਰ, ਗੁਰੂ, ਨੇਤਾ ਅਤੇ ਸ਼ਹੀਦ ਨਿਭਾਉਂਦੇ ਹਨ, ਜਿਨ੍ਹਾਂ ਨੇ ਮਹਾਨ ਤਪ ਤੇ ਤਿਆਗ ਕਰਕੇ ਜੀਵਨ ਦੀਆਂ ਸਹੀ ਕੀਮਤਾਂ ਨੂੰ ਸਮਝਣ ਤੇ ਉਨ੍ਹਾਂ ਦੀ ਪਾਲਣਾ ਕੀਤੀ ਹੁੰਦੀ ਹੈ ।

ਚੌਦ੍ਹਵੀਂ ਤੇ ਪੰਦਰਵੀਂ ਸਦੀ ਦੇ ਭਾਰਤ ਵਿੱਚ ਜੀਵਨ ਦੇ ਹਰ ਪੱਖ ਵਿੱਚ ਅਧੋਗਤੀ ਤੇ ਗਿਰਾਵਟ ਦਾ ਮੁੱਖ ਕਾਰਨ ਇਸ ਸ਼ੈ ਦੀ ਘਾਟ ਸੀ । ਮਨੁੱਖੀ ਮਨ ਨਿਰ-ਉਤਸ਼ਾਹ ਹੋ ਚੁੱਕੇ ਸਨ । ਹਿੰਮਤ, ਹੌਸਲਾ ਅਤੇ ਦਲੇਰੀ ਤੇ ਦ੍ਰਿੜ੍ਹਤਾ ਖੰਭ ਲਾ ਕੇ ਉੱਡ ਗਏ ਸਨ । ਅਸੀਂ ਕੇਵਲ ਇਸ ਲਈ ਗੁਰੂ ਨਾਨਕ ਦੇਵ ਜੀ ਨੂੰ ਇਕ ਮਹਾਨ ਮਨੋ-ਵਿਗਿਆਨੀ, ਰਹਿਬਰ ਤੇ ਕਾਬਲ ਆਗੂ ਤੇ ਕ੍ਰਾਂਤੀਕਾਰੀ ਦਰਸਾਉਂਦੇ ਹਾਂ, ਕਿਉਂਕਿ ਉਨ੍ਹਾਂ ਨੇ ਇਸ ਘਾਟੇ ਨੂੰ ਪੂਰਾ ਕਰਨ ਵੱਲ ਸੰਗਠਤ ਯਤਨ ਕੀਤਾ । ਉਹਨਾਂ ਨੇ ਲੋਕਾਂ 'ਚੋਂ ਹੀਣਤਾ ਤੇ ਬੇਯਕੀਨੀ ਦੀ ਭਾਵਨਾ ਕੱਢਣ ਦਾ ਯਤਨ ਕੀਤਾ । ਲੋਕਾਂ ਨੂੰ ਆਸ ਦਾ ਸੁਨੇਹਾ ਤੇ ਖ਼ੁਸ਼ੀ ਤੇ ਖੇੜੇ ਦਾ ਪੈਗ਼ਾਮ ਦਿੱਤਾ । ਗੁਰੂ ਨਾਨਕ ਦੇਵ ਜੀ ਦੇ ਉੱਚੇ ਤੇ ਸੁੱਚੇ ਮਹਾਨ ਵਿਰਸੇ ਦੀ ਲੋਅ ਉਨ੍ਹਾਂ ਨਾਲ ਹੀ ਸਮਾਪਤ ਨਹੀਂ ਹੋਈ, ਸਗੋਂ ਉਨ੍ਹਾਂ ਤੋਂ ਪਿੱਛੋਂ ਭੀ ਉਨ੍ਹਾਂ ਦੇ ਕਾਰਨਾਮਿਆਂ ਤੋਂ ਲੋਕੀਂ ਪ੍ਰੇਰਨਾ ਲੈਂਦੇ ਰਹੇ ਅਤੇ ਸੱਚ, ਪ੍ਰੇਮ, ਅਣਖ ਤੇ ਅਜ਼ਾਦੀ ਦੇ ਸੰਗਰਾਮ ਵਿੱਚ ਹਿੱਸਾ ਪਾਉਣ ਲਈ ਕਮਰਕੱਸੇ ਕਰਦੇ ਰਹੇ ।



ਗੁਰੂ ਨਾਨਕ ਦੇਵ ਜੀ ਦੀ ਜੋਤਿ ਦਿਨ-ਪ੍ਰਤੀ-ਦਿਨ ਉਜਾਲਾ ਕਰਦੀ ਰਹੀ ਤੇ ਮੱਧਮ ਨਹੀਂ ਹੋਈ । ਉਸ ਨੂੰ ਜਗਦੇ ਰੱਖਣ ਲਈ ਗੁਰੂ ਅੰਗਦ, ਗੁਰੂ ਅਮਰਦਾਸ ਅਤੇ ਗੁਰੂ ਰਾਮ ਦਾਸ ਨੇ ਸਾਂਝੀਵਾਲਤਾ, ਨਿਮਰਤਾ, ਵੰਡ ਕੇ ਛਕਣਾ ਆਦਿ ਅਸੂਲਾਂ ਦੀ ਮਦਦ ਲਈ ਤੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤਰ ਮਨ ਦਾ ਤੇਲ ਪਾ ਕੇ ਇਸ ਜੋਤੀ ਨੂੰ ਅਗਲੀਆਂ ਪਨੀਰੀਆਂ ਲਈ ਹਮੇਸ਼ਾਂ ਲਈ ਅਮਰ ਕਰ ਦਿੱਤਾ ।

ਪ੍ਰਸਿੱਧ ਵਿਦਵਾਨ ਡਾਕਟਰ ਟ੍ਰੰਪ ਦੇ ਕਥਨ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਜੀਵਨ ਤੇ ਸ਼ਹੀਦੀ ਸਿੱਖ ਇਤਿਹਾਸ ਵਿੱਚ ਇਕ ਅਹਿਮ ਮੋੜ ਹਨ । ਉਨ੍ਹਾਂ ਦੀ ਸ਼ਹਾਦਤ ਨੇ ਜੀਵਨ ਤੇ ਭਾਈਚਾਰੇ ਦੀਆਂ ਪੁਰਾਣੀਆਂ ਤੇ ਬੋਸੀਦਾ ਕੀਮਤਾਂ ਬਦਲ ਕੇ ਸੱਚਾਈ ਅਤੇ ਅਣਖ 'ਤੇ ਚੱਲਣ ਦੀ ਇਕ ਨਵੀਂ ਪਰਪਾਟੀ ਚਲਾਈ । ਧਾਰਮਿਕ ਪ੍ਰਚਾਰ ਦੇ ਨਾਲ-ਨਾਲ ਰਾਜਨੀਤਕ ਤੇ ਹੋਰ ਮਨੁੱਖੀ ਸਮੱਸਿਆਵਾਂ ਵੱਲ ਭੀ ਧਿਆਨ ਦਿੱਤਾ ਜਾਣ ਲੱਗਾ ।

ਗੁਰੂ ਅਰਜਨ ਦੇਵ ਜੀ ਦਾ ਜਨਮ ਚੌਥੇ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ ਦੇ ਗ੍ਰਹਿ ਵਿਖੇ ਬੀਬੀ ਭਾਨੀ ਜੀ ਦੀ ਕੁੱਖੋਂ 15 ਅਪ੍ਰੈਲ, 1563 ਮੁਤਾਬਕ ਵੈਸਾਖ ਵਦੀ 7 ਸੰਮਤ 1620 ਨੂੰ ਗੋਇੰਦਵਾਲ ਵਿਖੇ ਹੋਇਆ । ਇਹ ਠੀਕ ਹੈ ਕਿ ਸ਼ਹੀਦ ਕੌਮ ਦੀ ਸੁੱਤੀ ਅਣਖ ਨੂੰ ਜਗਾਉਣ ਵਾਲੇ ਹੁੰਦੇ ਹਨ ਤੇ ਉਨ੍ਹਾਂ ਦੇ ਮਹਾਨ ਤਿਆਗ ਨੌਜਵਾਨਾਂ ਲਈ ਮਸ਼ਾਲੇ-ਰਾਹ ਤੇ ਕੁਰਬਾਨੀ ਲਈ ਪ੍ਰੇਰਨਾ-ਸਰੋਤ ਹੁੰਦੇ ਹਨ । ਪਰ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਕੇਵਲ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਕਰਕੇ ਹੀ ਨਹੀਂ, ਸਗੋਂ ਉਨ੍ਹਾਂ ਦੇ ਵਿਅਕਤਿੱਤਵ ਦੇ ਕਈ ਹੋਰ ਪੱਖ ਵੀ ਉਚੇਚੇ ਵਰਣਨ ਯੋਗ ਹਨ । ਉਨ੍ਹਾਂ ਸੰਬੰਧੀ ਉਰਦੂ ਦੇ ਪ੍ਰਸਿੱਧ ਪੰਜਾਬੀ ਸ਼ਾਇਰ ਮਰਹੂਮ ਸੂਰਜ ਕੰਵਲ ਸਰੂਰ ਨੇ ਕਦੀ ਲਿਖਿਆ ਸੀ :

**ਅਮਰ ਹੈਂ ਤੂੰ ਗੁਰੂ ਅਰਜਨ ਅਮਰ ਤੇਰੀ ਨਿਸ਼ਾਨੀ ਹੈ ।**
**ਨਾ ਹਮਸਰ ਹੈ ਤੇਰਾ ਕੋਈ, ਨਾ ਕੋਈ ਤੇਰਾ ਸਾਨੀ ਹੈ ।**
**ਗੁਰੂ ਅਰਜਨ ਕੀ ਬਖ਼ਸ਼ਿਸ਼ ਕੋ ਹਦੀਸੇ ਆਸਮਾਨ ਕਹੀਏ ।**
**ਰਮੋਜ਼ੇ ਕਾਮਲੇ ਕੁਦਰਤ ਕਾ ਬਹਿਰੇ ਬੇਕਰਾਂ ਕਹੀਏ ।**

ਗੁਰੂ ਅਰਜਨ ਦੇਵ ਜੀ ਦੀ 43 ਸਾਲਾਂ ਦੀ ਸੰਸਾਰ ਫੇਰੀ ਆਦਰਸ਼-ਮਨੁੱਖ ਦਾ ਬਿੰਬ ਸੀ । ਉਹ ਸਿਫ਼ਤਾਂ ਦੇ ਭੰਡਾਰ ਸਨ । ਉਨ੍ਹਾਂ ਦੀ ਨਿਮਰਤਾ, ਮਿੱਠਤ ਤੇ ਭਾਣਾ ਮੰਨਣ ਦਾ ਸਾਹਸ ਹਰੇਕ ਜੀਵ ਲਈ ਆਦਰਸ਼ ਸੀ । ਇਸ ਦੇ ਨਾਲ ਹੀ ਉਹ ਇਕ ਨਿਪੁੰਨ ਕਵੀ ਤੇ ਸਾਹਿਤਕਾਰ, ਸੰਪਾਦਕ, ਇਕ

ਸੁਯੋਗ ਪ੍ਰਬੰਧਕ, ਮਹਾਨ ਉਸਰੱਈਏ ਵੀ ਸਨ ।

ਇਹ ਬਿਲਕੁਲ ਦਰੁੱਸਤ ਆਖਿਆ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸਿੱਖ ਇਤਿਹਾਸ ਵਿੱਚ ਉਹ ਭੂਮਿਕਾ ਰਹੀ ਹੈ ਜੋ ਹਜ਼ਰਤ ਉਮਰ, (ਜਿਹੜੇ ਇਸਲਾਮ ਦੇ ਦੂਜੇ ਖ਼ਲੀਫ਼ੇ ਸਨ) ਦੀ ਇਸਲਾਮ ਵਿੱਚ ਸੀ । ਸਿੱਖੀ ਜੀਵਨ ਦੀ ਇਮਾਰਤ ਦਾ ਨਕਸ਼ਾ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਲੰਮੀਆਂ ਪ੍ਰਚਾਰ ਫੇਰੀਆਂ ਨਾਲ ਉਲੀਕਿਆ ਤੇ ਇਸ ਦੀ ਨੀਂਹ ਦੀ ਤਿਆਰੀ ਦੂਜੀ, ਤੀਜੀ ਤੇ ਚੌਥੀ ਪਾਤਸ਼ਾਹੀ ਨੇ ਕੀਤੀ । ਇਸ ਨੀਂਹ ਵਿੱਚ ਆਪਣੇ ਖ਼ੂਨ ਨਾਲ ਸਿੰਜੀਆਂ ਪਵਿੱਤਰ ਹੱਡੀਆਂ ਕੇਰ ਕੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਪੱਕਿਆਂ ਕੀਤਾ । ਇਸ ਇਮਾਰਤ ਨੂੰ ਸੰਪੂਰਨਤਾ ਵੱਲ ਲਿਜਾਣ ਲਈ ਬਹੁਮੁਖੀ ਯਤਨਾਂ ਦੀ ਲੋੜ ਸੀ । ਕੌਮੀ ਏਕਤਾ ਤੇ ਸਦਭਾਵਨਾ ਦਾ ਜਜ਼ਬਾ ਉਪਜਾਉਣ ਲਈ 'ਮਿਲਬੇ ਕੀ ਮਹਿਮਾ' ਅਤੇ ਸੰਗਤ 'ਤੇ ਉਨ੍ਹਾਂ ਜ਼ੋਰ ਦਿੱਤਾ । ਇਸ ਦਾ ਸਿੱਟਾ ਸੀ ਕਿ ਉਨ੍ਹਾਂ ਸਿੱਖੀ ਦਾ ਸਾਂਝਾ ਤੇ ਕੇਂਦਰੀ ਸਥਾਨ ਸ੍ਰੀ ਅੰਮ੍ਰਿਤਸਰ ਬਣਾਇਆ । ਉਨ੍ਹਾਂ ਦੀ ਮਨਸਾ ਸੀ ਕਿ ਇੱਥੋਂ ਸਿੱਖ ਪ੍ਰੇਰਨਾ ਲੈ ਸਕਣ ਤੇ ਇਕੱਤਰ ਹੋਣ ਲਈ ਸਾਂਝਾ ਤੀਰਥ ਹਰਿਮੰਦਰ, ਉਨ੍ਹਾਂ ਉਸਾਰਨਾ ਆਰੰਭ ਕੀਤਾ । ਵਿਸ਼ਵ-ਵਿਆਪੀ ਸਾਂਝੀਵਾਲਤਾ ਉਨ੍ਹਾਂ ਲਈ ਉਚੇਰਾ ਲਕਸ਼ ਸੀ । ਇਸ ਲਈ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਨੀਂਹ ਪ੍ਰਸਿੱਧ ਮੁਸਲਿਮ ਫ਼ਕੀਰ, ਹਜ਼ਰਤ ਮੀਆਂ ਮੀਰ ਕੋਲੋਂ ਰਖਵਾਈ । ਸਿੱਖਾਂ ਦੇ ਕਾਬੇ ਦਾ ਸੰਗੇ ਬੁਨਿਆਦ ਇਕ ਮੁਸਲਮਾਨ ਦੇ ਹੱਥੀਂ ਗੁਰੂ ਅਰਜਨ ਦੇਵ ਜੀ ਨੇ ਰਖਵਾ ਕੇ ਮਨੁੱਖਤਾ ਨੂੰ ਵਿਸ਼ਵ-ਏਕਤਾ ਦਾ ਉਪਦੇਸ਼ ਦਿੱਤਾ ਤੇ ਕਿਹਾ :

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪੁ ਨਿਰਮਲ ਕਰਮੁ ॥ (ਅੰਗ ੨੬੬)**

ਹਰਿਮੰਦਰ ਨੂੰ ਆਪਣੇ ਉਪਦੇਸ਼ "**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ**" ਦਾ ਸਹੀ ਨਮੂਨਾ ਬਣਾਉਣ ਲਈ ਸਾਰੇ ਨਗਰ ਤੋਂ ਨੀਵਾਂ ਰੱਖਿਆ ਤੇ ਉਪਦੇਸ਼ "**ਚੌਹ ਵਰਨਾਂ ਕੋ ਸਾਂਝਾ**" ਅਨੁਸਾਰ ਉਸਦੇ ਦਰਵਾਜ਼ੇ ਚਾਰੇ ਪਾਸੇ ਰਖਵਾਏ । ਤਰਨ ਤਾਰਨ ਸਰੋਵਰ ਤੇ ਸੰਤੋਖਸਰ ਭੀ ਉਨ੍ਹਾਂ ਦੀ ਹੀ ਦੇਣ ਹਨ । ਤਰਨ ਤਾਰਨ ਵਿਖੇ ਕੋਹੜ-ਆਸ਼ਰਮ ਬਣਾਉਣਾ ਤੇ ਕਾਲ ਤੋਂ ਮੁਕਤੀ ਪਾਉਣ ਲਈ ਤੇ ਲੋਕਾਂ ਵਿੱਚ ਸਵੈ-ਵਿਸ਼ਵਾਸ ਦੀ ਭਾਵਨਾ ਪੈਦਾ ਕਰਨ ਲਈ ਛੇਹਰਟਾ ਬਣਾਉਣਾ ਤੇ ਗੁਰੂ ਕੀ ਬਾਉਲੀ ਲਾਹੌਰ ਉਨ੍ਹਾਂ ਦੀ ਕਲਾਕਾਰੀ ਰੁਚੀ ਦੇ ਕੁਝ ਕੁ ਜਿਊਂਦੇ ਜਾਗਦੇ ਸ਼ਾਹਕਾਰ ਹਨ । ਕਰਤਾਰਪੁਰ (ਜਲੰਧਰ) ਨਗਰ ਭੀ ਉਨ੍ਹਾਂ ਹੀ ਵਸਾਇਆ । 'ਰਾਮਸਰ ਤੋਂ ਗੁਰੂ ਕਾ ਬਾਗ਼' ਵੀ ਗੁਰੂ



ਅਰਜਨ ਦੇਵ ਜੀ ਦੇ ਉਸਾਰੂ ਕਾਰਜ ਦੀਆਂ ਯਾਦਗਾਰਾਂ ਹਨ ।

ਗੁਰੂ ਅਰਜਨ ਦੇਵ ਜੀ ਨੇ ਸੰਨ 1581 ਤੋਂ 1606 ਤਕ 25 ਸਾਲ ਗੁਰਗੱਦੀ ਸੰਭਾਲੀ । ਇਹ 25 ਸਾਲ ਦਾ ਸਮਾਂ ਸਿੱਖ ਇਤਿਹਾਸ ਵਿੱਚ ਬੜਾ ਮਹੱਤਵਪੂਰਨ ਹੈ । ਜਿੱਥੇ ਉਨ੍ਹਾਂ ਗੁਰੂ ਰਾਮਦਾਸ ਜੀ ਦੇ ਵਸਾਏ ਨਗਰ ਸ੍ਰੀ ਅੰਮ੍ਰਿਤਸਰ ਵਿਖੇ ਸਿੱਖਾਂ ਦਾ ਕੇਂਦਰੀ ਧਾਰਮਿਕ ਸਥਾਨ ਹਰਿਮੰਦਰ ਸਾਹਿਬ ਉਸਾਰਿਆ ਉੱਥੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਸਿੱਖ ਵਿਚਾਰਧਾਰਾ ਦੀ ਪੱਕੀ ਸੰਭਾਲ ਦਾ ਉਪਰਾਲਾ ਵੀ ਕੀਤਾ । ਉਹਨਾਂ ਬੜੀ ਲਗਨ ਤੇ ਮਿਹਨਤ ਨਾਲ ਪਹਿਲੇ ਚਾਰੇ ਗੁਰੂ ਸਾਹਿਬਾਨ ਦੀ ਰਚਿੱਤ ਬਾਣੀ ਇਕੱਤਰ ਕੀਤੀ । ਇਸ ਦੇ ਨਾਲ-ਨਾਲ ਉਹਨਾਂ ਭਾਰਤ ਦੇ ਵੱਖੋ-ਵੱਖਰੇ ਹਿੱਸਿਆਂ ਦੇ ਭਗਤਾਂ ਦੀਆਂ ਉਹ ਲਿਖਤਾਂ ਵੀ ਇਕੱਤਰ ਕੀਤੀਆਂ ਜਿਹੜੀਆਂ ਗੁਰੂ ਨਾਨਕ ਜੀ ਦੇ ਆਖੇ ਅਨੁਸਾਰ ਸਨ । ਕੇਵਲ ਸਿੱਖ ਧਰਮ ਨੂੰ ਹੀ ਇਹ ਮਾਣ ਪ੍ਰਾਪਤ ਹੈ ਕਿ ਇਸ ਦੀ ਧਰਮ-ਪੁਸਤਕ ਵਿੱਚ ਦੂਸਰੇ ਧਰਮਾਂ ਦੇ ਭਗਤਾਂ-ਪੀਰਾਂ ਦੀਆਂ ਰਚਨਾਵਾਂ ਵੀ ਸ਼ਾਮਿਲ ਹਨ । ਇਹ ਬਾਣੀ ਉਨ੍ਹਾਂ ਗੁਰੂ ਸਾਹਿਬਾਨ ਅਤੇ ਸੰਤਾਂ-ਮਹਾਤਮਾਵਾਂ ਦੀ ਖ਼ੁਦ ਲਿਖਤ ਬਿਨਾਂ ਕਿਸੇ ਮਿਲਾਵਟ ਦੇ ਸਾਡੇ ਤਕ ਪੁੱਜਦੀ ਹੈ । ਈਸਾਈਆਂ ਦੀ ਧਰਮ ਪੁਸਤਕ 'ਬਾਈਬਲ' ਜਿਸ ਨੂੰ ਮੁਕੱਦਸ ਅੰਜੀਲ ਵੀ ਕਹਿੰਦੇ ਹਨ, ਹਜ਼ਰਤ ਈਸਾ ਜੀ ਨੇ ਖ਼ੁਦ ਨਹੀਂ ਲਿਖੀ । ਕੁਰਾਨ ਸ਼ਰੀਫ਼ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦੀ ਆਪਣੀ ਰਚਨਾ ਨਹੀਂ ਹੈ । ਉਨ੍ਹਾਂ ਦੇ ਪੈਰੋਕਾਰਾਂ ਨੇ ਉਨ੍ਹਾਂ ਪਿੱਛੋਂ ਇਸ ਨੂੰ ਸੰਪੂਰਨ ਕੀਤਾ । ਗ੍ਰੰਥ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਬੜੀ ਮਿਹਨਤ ਨਾਲ ਸੰਪਾਦਿਤ ਕਰਕੇ ਪ੍ਰਸਿੱਧ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦੇ ਹੱਥੀਂ ਲਿਖਵਾ ਕੇ 1604 ਈ: ਵਿੱਚ ਤਿਆਰ ਕਰਵਾਇਆ । ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਕੋਲੋਂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ, ਜਿਸ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕੀਤੀ ਅਤੇ ਇਸੇ ਗ੍ਰੰਥ ਸਾਹਿਬ ਨੂੰ ਪਿੱਛੋਂ ਗੁਰਗੱਦੀ ਵੀ ਬਖ਼ਸ਼ੀ । ਇਹ ਦੋਵੇਂ ਬੀੜਾਂ ਗੁਰੂਆਂ ਨੇ ਖ਼ੁਦ ਆਪਣੀ ਨਿਗਰਾਨੀ ਥੱਲੇ ਤਿਆਰ ਕਰਵਾਈਆਂ । ਗੁਰੂ ਅਰਜਨ ਦੇਵ ਇਸ ਬੀੜ ਨੂੰ ਪੋਥੀ ਸਾਹਿਬ ਆਖਿਆ ਕਰਦੇ ਸਨ । ਇਸ ਨੂੰ 1604 ਈ: ਵਿੱਚ ਪਵਿੱਤਰ ਹਰਿਮੰਦਰ ਸਾਹਿਬ ਵਿਖੇ ਸੁਸ਼ੋਭਿਤ ਕੀਤਾ ਤੇ ਬਜ਼ੁਰਗ ਸਿੱਖ ਬਾਬਾ ਬੁੱਢਾ ਜੀ, (ਜਿਨ੍ਹਾਂ ਦੇ ਪਵਿੱਤਰ ਹਸਤ ਕਮਲਾਂ ਨਾਲ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤਕ ਗੁਰਗੱਦੀ ਦੇਣ ਦੀ ਰਸਮ ਅਦਾ ਹੁੰਦੀ ਰਹੀ) ਨੂੰ ਦਰਬਾਰ ਸਾਹਿਬ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ । ਡਾਕਟਰ

ਤਾਰਨ ਸਿੰਘ ਦੇ ਅੰਕੜਿਆਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੇ ਕਰਮਵਾਰ 974,62,907,679 ਅਤੇ 2218 ਸ਼ਬਦ ਹਨ। 938 ਸ਼ਬਦ ਹੋਰ ਮਹਾਂਪੁਰਖਾਂ ਦੀ ਲਿਖਤ ਹਨ ਜਿਨ੍ਹਾਂ ਵਿੱਚ ਭਗਤਾਂ ਤੋਂ ਇਲਾਵਾ ਭੱਟਾਂ ਦੀ ਬਾਣੀ ਵੀ ਦਰਜ ਹੈ। ਇਨ੍ਹਾਂ ਸੰਤਾਂ ਵਿੱਚੋਂ ਤਿੰਨ ਫ਼ਕੀਰ ਮੁਸਲਮਾਨ ਹਨ, ਜਿਨ੍ਹਾਂ ਦੇ ਨਾਮ ਫ਼ਰੀਦ, ਕਬੀਰ ਜੀ ਤੇ ਭੀਖਣ ਜੀ ਹਨ। ਬਾਬਾ ਰਵੀਦਾਸ ਜੀ, ਜਿਨ੍ਹਾਂ ਨੂੰ ਸਵਰਨ ਜਾਤੀ ਦੇ ਹਿੰਦੂ ਚਮਾਰ ਤੇ ਘਟੀਆ ਸਮਝ ਕੇ ਦੁਰਕਾਰਦੇ ਸਨ, ਉਹਨਾਂ ਦੀ ਬਾਣੀ ਨੂੰ ਵੀ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਨੇ ਸ਼ਾਮਿਲ ਕੀਤਾ ਤੇ ਆਪਣੇ ਬਰਾਬਰ ਦਾ ਰੁਤਬਾ ਉਸ ਨੂੰ ਦੇ ਕੇ ਮਨੁੱਖੀ ਬਰਾਬਰੀ ਦੇ ਸਿਧਾਂਤ ਨੂੰ ਦ੍ਰਿੜ੍ਹਾਇਆ। ਸਧਨਾ ਕਸਾਈ, ਨਾਮ ਦੇਵ ਜੀ ਤੇ ਸੈਣ ਨਾਈ ਭੀ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਣ ਨਾਲ ਹਮੇਸ਼ਾਂ ਲਈ ਅਮਰ ਹੋ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਗੁਰੂ ਅਰਜਨ ਦੇਵ ਜੀ ਨੇ 30 ਰਾਗ ਵਰਤੇ। ਵੈਸੇ ਵਰਤਮਾਨ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗ ਹਨ। 31ਵਾਂ ਰਾਗ 'ਜੈ ਜੈ ਵੰਤੀ' ਗੁਰੂ ਤੇਗ਼ ਬਹਾਦਰ ਜੀ ਨੇ ਵਰਤਿਆ। ਜੇਕਰ ਅੰਦਾਜ਼ਾ ਲਾਇਆ ਜਾਵੇ ਤਾਂ ਪਤਾ ਲੱਗੇਗਾ ਕਿ 1430 ਸਫ਼ਿਆਂ ਦੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਤਕਰੀਬਨ ਅੱਧੀ ਬਾਣੀ ਇਕੱਲੇ ਗੁਰੂ ਅਰਜਨ ਦੇਵ ਜੀ ਦੀ ਲਿਖਤ ਹੈ।

ਗੁਰੂ ਅਰਜਨ ਦੇਵ ਜੀ ਦੀਆਂ ਲਿਖਤਾਂ ਵਿੱਚੋਂ 'ਸੁਖਮਨੀ' ਦੀ ਰਚਨਾ ਬਹੁਤ ਪ੍ਰਸਿੱਧ ਤੇ ਉੱਚ ਪਾਏ ਦੀ ਹੈ। ਉਨ੍ਹਾਂ ਨੇ ਆਪਣਾ ਜੀਵਨ ਫ਼ਲਸਫ਼ਾ ਇਸ ਵਿੱਚ ਅੰਕਿਤ ਕੀਤਾ ਹੈ। ਪ੍ਰਿੰਸੀਪਲ ਤੇਜਾ ਸਿੰਘ ਦੇ ਵਿਚਾਰ ਵਿੱਚ ਸੁਖਮਨੀ ਸਾਹਿਬ ਦਾ ਵਿਸ਼ੇਸ਼ ਪੱਖ ਇਹ ਹੈ ਕਿ ਬਾਣੀ ਮਾਨਸਿਕ ਸ਼ਾਂਤੀ ਤੇ ਸੰਤੁਲਨ ਪੈਦਾ ਕਰਨ ਵਿੱਚ ਬਹੁਤ ਸਹਾਈ ਹੁੰਦੀ ਹੈ। ਪ੍ਰੋਫ਼ੈਸਰ ਪੂਰਨ ਸਿੰਘ ਦੇ ਸ਼ਬਦਾਂ ਵਿੱਚ ਇਹ ਸੁਖ ਤੇ ਸ਼ਾਂਤੀ ਦਾ ਦਰਿਆ ਹੈ। ਗੁਰੂ ਸਾਹਿਬ ਆਪ ਲਿਖਦੇ ਹਨ :

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੇ ਮਨਿ ਬਿਸ੍ਰਾਮ ॥ (ਅੰਗ ੨੬੨)**

ਸੁਖਮਨੀ ਵਿੱਚ ਹੀ ਸਤਿਗੁਰੂ ਬ੍ਰਹਮ ਗਿਆਨੀ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ :

**ਬ੍ਰਹਮ ਗਿਆਨੀ ਸਦਾ ਨਿਰਲੇਪ ॥ (ਅੰਗ ੨੭੨)**



ਵਾਹਿਗੁਰੂ ਸੰਬੰਧੀ ਉਨ੍ਹਾਂ ਦਾ ਵਿਚਾਰ ਹੈ ਕਿ ਉਹ ਹਰ ਜਗ੍ਹਾ ਵੱਸਦਾ ਹੈ। ਉਹ ਕਹਿੰਦੇ ਹਨ :

**ਸੋ ਅੰਤਰਿ ਸੋ ਬਾਹਰਿ ਅਨੰਤ ॥ (ਅੰਗ ੨੯੩)**

ਸਾਧੂ ਟੀ.ਐਲ. ਵਾਸਵਾਨੀ ਸੁਖਮਨੀ ਨੂੰ 'ਰੇਡੀਅਮ ਬੁੱਕ' ਸੰਬੋਧਨ ਕਰਦੇ ਹੁੰਦੇ ਸਨ।

ਤੁਲਨਾਤਮਿਕ ਧਾਰਮਿਕ ਫ਼ਿਲਾਸਫ਼ਰ ਡਨਕਨ ਗ੍ਰੀਨਲੀਜ਼ ਦੇ ਸ਼ਬਦਾਂ ਵਿੱਚ ਗੁਰੂ ਗ੍ਰੰਥ ਸਾਹਿਬ ਬਿਨਾਂ ਸ਼ੱਕ ਸੰਸਾਰ ਦੀ ਸਰਵ-ਉੱਤਮ ਕਵਿਤਾ ਤੇ ਸਾਹਿਤ ਦਾ ਨਮੂਨਾ ਹੈ। ਇਹ ਵਿਸ਼ਵ ਧਰਮ ਦੀ ਸਾਂਝੀ ਧਰਮ ਪੁਸਤਕ ਕਹੀ ਜਾ ਸਕਦੀ ਹੈ। ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੀ ਨਾਵਲਿਸਟ ਮਿਸ ਪਰਲ ਐਸ. ਬੱਕ ਦੀ ਰਾਏ ਹੈ ਕਿ ਗੁਰੂ ਗ੍ਰੰਥ ਸਾਹਿਬ ਬਹੁਤ ਹੀ ਆਧੁਨਿਕ ਕਾਲ ਦੇ ਵਿਚਾਰਾਂ ਵਾਲਾ ਗ੍ਰੰਥ ਹੈ। ਉਹ ਲਿਖਦੇ ਹਨ ਕਿ ਉਨ੍ਹਾਂ ਹੋਰ ਧਰਮਾਂ ਦੀਆਂ ਧਰਮ ਪੁਸਤਕਾਂ ਭੀ ਪੜ੍ਹੀਆਂ ਹਨ, ਪਰ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰ ਕਿਸੇ ਜਗ੍ਹਾ ਭੀ ਉਨ੍ਹਾਂ ਨੂੰ ਹਿਰਦੇ ਅਤੇ ਮਨ ਨੂੰ ਟੁੰਬਣ ਵਾਲੀ ਅਜਿਹੀ ਬਾਣੀ ਨਹੀਂ ਮਿਲੀ।

ਗੁਰੂ ਅਰਜਨ ਦੇਵ ਜੀ ਨੇ ਸਿੱਖ-ਪੰਥ ਨੂੰ ਸੰਗਠਤ ਰੂਪ ਦਿੱਤਾ। ਉਨ੍ਹਾਂ ਆਪਣੇ ਸਿਆਣੇ ਸਿੱਖ ਦੂਰ-ਦੂਰ ਪਰਚਾਰ ਹਿੱਤ ਘੱਲੇ। ਇਸ ਆਸ਼ੇ ਨੂੰ ਮੁੱਖ ਰੱਖ ਕੇ ਉਨ੍ਹਾਂ ਭਾਈ ਗੁਰਦਾਸ ਜੀ ਨੂੰ ਉਸ ਸਮੇਂ ਦੀ ਦੇਸ਼ ਦੀ ਰਾਜਧਾਨੀ ਆਗਰੇ, ਭਾਈ ਮਾਧੋ ਨੂੰ ਕਸ਼ਮੀਰ ਤੇ ਭਾਈ ਪਿਆਰਾ ਨੂੰ ਲੰਕਾ ਭੇਜਿਆ। ਇੱਥੇ ਉਨ੍ਹਾਂ ਪਰਚਾਰ ਦੇ ਕੰਮ ਨੂੰ ਨਵੀਂ ਤਰਤੀਬ ਦਿੱਤੀ। ਇਸ ਤੋਂ ਛੁੱਟ ਉਨ੍ਹਾਂ ਨੇ ਮਸੰਦਾਂ ਰਾਹੀਂ ਦੂਰ-ਦੁਰਾਡੇ ਦੀਆਂ ਸੰਗਤਾਂ ਨਾਲ ਸੰਪਰਕ ਰੱਖਣ ਦੀ ਪਰੰਪਰਾ ਵੀ ਚਲਾਈ।

ਇਕ ਸਿਆਣੇ ਅਰਥ-ਸ਼ਾਸਤਰੀ ਵਾਂਗ ਉਨ੍ਹਾਂ ਸਿੱਖਾਂ ਨੂੰ ਅੰਮ੍ਰਿਤਸਰ ਆ ਕੇ ਵੱਸਣ ਤੇ ਕਾਰੋਬਾਰ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਆਪਣੇ ਸਿੱਖਾਂ ਨੂੰ ਤੁਰਕਿਸਤਾਨ ਨਾਲ ਘੋੜਿਆਂ ਦਾ ਵਪਾਰ ਕਰਨ ਲਈ ਭੀ ਕਿਹਾ। ਗੁਰੂ ਜੀ ਦੇ ਅਜਿਹੇ ਕੰਮਾਂ ਨੇ ਸਿੱਖਾਂ ਵਿਚਕਾਰ ਆਰਥਿਕ ਤੌਰ 'ਤੇ ਪ੍ਰਫੁੱਲਿਤ ਹੋਣ ਲਈ ਤੀਬਰ ਇੱਛਾ ਉਤਪੰਨ ਕਰ ਦਿੱਤੀ।

ਗੁਰੂ ਅਰਜਨ ਜੀ ਦਾ 43 ਸਾਲਾਂ ਦਾ ਜੀਵਨ ਇਕ ਮਹਾਨ ਕਰਮ-ਯੋਗੀ ਦਾ ਜੀਵਨ ਹੈ। ਉਨ੍ਹਾਂ ਆਪਣੇ ਅਸੂਲਾਂ ਦੀ ਪਾਲਣਾ ਹਿੱਤ ਆਪਣੀ ਜਾਨ ਵੀ ਦੇ ਦਿੱਤੀ ਪਰ ਜਿਨ੍ਹਾਂ ਅਸੂਲਾਂ ਨੂੰ ਉਹ ਜਾਨ ਤੋਂ ਪਿਆਰਾ ਸਮਝਦੇ ਸਨ ਉਨ੍ਹਾਂ ਤੋਂ ਮੂੰਹ ਨਹੀਂ ਮੋੜਿਆ। ਉਹ ਆਪਣੇ ਵਿਚਾਰਾਂ ਵਿੱਚ ਚਟਾਨ

ਵਾਂਗ ਅਟੱਲ ਤੇ ਮਜ਼ਬੂਤ ਸਨ । ਕੋਈ ਡਰ ਜਾਂ ਲਾਲਚ ਉਨ੍ਹਾਂ ਨੂੰ ਡੁਲਾ ਨਹੀਂ ਸਕਦਾ ਸੀ ।

ਜਹਾਂਗੀਰ ਜੋ 1606 ਈ: ਵਿੱਚ ਆਪਣੇ ਪਿਤਾ ਅਕਬਰ ਦੇ ਚਲਾਣੇ ਉਪਰੰਤ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ, ਉਹ ਆਪਣੇ ਪਿਤਾ ਦੇ ਵਿਚਾਰਾਂ ਦੇ ਉਲਟ ਤੰਗ ਭਾਵਨਾਵਾਂ ਵਾਲਾ ਬੰਦਾ ਸੀ । ਉਸ ਨੇ ਆਪਣੀ ਸਵੈ-ਜੀਵਨੀ, ਜਿਸ ਦਾ ਨਾਂ 'ਤੋਜ਼ਕੇ ਜਹਾਂਗੀਰੀ' ਹੈ, ਵਿੱਚ ਗੁਰੂ ਅਰਜਨ ਤੇ ਸਿੱਖ ਧਰਮ ਸੰਬੰਧੀ ਇਹ ਵਿਚਾਰ ਲਿਖੇ ਹਨ :

"ਬਿਜੋਹ (ਬਿਆਸ) ਨਦੀ ਦੇ ਕਿਨਾਰੇ ਗੋਇੰਦਵਾਲ ਪਿੰਡ ਹੈ । ਉੱਥੇ ਅਰਜਨ ਨਾਂ ਦਾ ਆਦਮੀ ਰਹਿੰਦਾ ਹੈ । ਉਸ ਨੂੰ ਗੁਰੂ ਕਹਿੰਦੇ ਹਨ । ਉਸ ਨੇ ਆਪਣੇ ਢੰਗਾਂ ਨਾਲ ਬਹੁਤ ਸਾਰੇ ਹਿੰਦੂ ਤੇ ਕੁਝ ਭੋਲੇ ਮੁਸਲਮਾਨਾਂ ਨੂੰ ਵੀ ਆਪਣੇ ਵੱਲ ਪ੍ਰੇਰਤ ਕਰ ਲਿਆ ਹੋਇਆ ਹੈ । ਉਸ ਦੀ ਮਸ਼ਹੂਰੀ ਬਤੌਰ ਇਕ ਸੰਤ ਦੇ ਉੱਚੀ ਤਰ੍ਹਾਂ ਪ੍ਰਚਾਰੀ ਜਾ ਰਹੀ ਹੈ ਤੇ ਦੇਸ਼ ਦੇ ਸਾਰੇ ਪਾਸਿਆਂ ਤੋਂ ਲੋਕ ਉਸ ਵੱਲ ਖਿੱਚੇ ਆ ਰਹੇ ਹਨ ਤੇ ਉਹ ਉਸ ਵਿੱਚ ਆਪਣਾ ਪੂਰਨ ਭਰੋਸਾ ਪ੍ਰਗਟ ਕਰਦੇ ਹਨ ਤੇ ਉਸ ਵਿੱਚ ਅਥਾਹ ਸ਼ਰਧਾ ਰੱਖਦੇ ਹਨ । ਇਹ ਦੁਕਾਨ (ਸਿੱਖ ਧਰਮ) ਤਿੰਨ ਚਾਰ ਪੁਸ਼ਤਾਂ ਤੋਂ ਚੱਲ ਰਹੀ ਹੈ । ਮੈਂ ਕਈ ਦੇਰ ਤੋਂ ਸੋਚ ਰਿਹਾ ਸੀ ਕਿ ਜਾਂ ਤਾਂ ਇਹ ਖੇਲ ਤਮਾਸ਼ਾ ਬੰਦ ਕਰ ਦਿੱਤਾ ਜਾਵੇ ਜਾਂ ਗੁਰੂ ਨੂੰ ਮੁਸਲਮਾਨ ਬਣਾ ਲਿਆ ਜਾਵੇ । ਇਸ ਸਮੇਂ ਖੁਸਰੋ (ਜਿਸ ਨੇ ਆਪਣੇ ਪਿਤਾ ਜਹਾਂਗੀਰ ਦੇ ਖ਼ਿਲਾਫ਼ ਬਗ਼ਾਵਤ ਕੀਤੀ ਹੋਈ ਸੀ) ਇਸ ਰਾਹ ਲੰਘਿਆ ਤੇ ਉਸ ਨੇ ਗੁਰੂ ਦੀ ਮਦਦ ਮੰਗੀ । ਮੈਨੂੰ ਇਹ ਖ਼ਬਰ ਮਿਲੀ ਹੈ ਕਿ ਗੁਰੂ ਨੇ ਖੁਸਰੋ ਦੇ ਮੱਥੇ 'ਤੇ ਤਿਲਕ ਲਗਾਇਆ ਤੇ ਉਸ ਨੂੰ ਅਸ਼ੀਰਵਾਦ ਦਿੱਤਾ । ਮੈਂ ਇਹ ਕੁਝ ਸੁਣਿਆ । ਮੈਂ ਉਸ ਦੀਆਂ ਪਰੰਪਰਿਕ ਸਿਧਾਂਤਾਂ ਦੇ ਵਿਰੋਧੀ ਮੱਤ ਦੀਆਂ ਗੱਲਾਂ ਸੁਣੀਆਂ ਹਨ । ਮੈਂ ਹੁਕਮ ਕੀਤਾ ਕਿ ਉਸ ਨੂੰ ਮੇਰੇ ਹਜ਼ੂਰ ਪੇਸ਼ ਕੀਤਾ ਜਾਵੇ ਤੇ ਉਸ ਦਾ ਸਾਰਾ ਮਾਲ ਅਸਬਾਬ ਮੁਰਤਜ਼ਾ ਖ਼ਾਨ ਨੂੰ ਸੌਂਪ ਕੇ ਗੁਰੂ ਨੂੰ ਯਾਸਾ ਦੇ ਆਈਨ ਅਨੁਸਾਰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ ।"

ਖੁਸਰੋ ਦਾ ਪਿੱਛਾ ਕਰਦਾ ਜਹਾਂਗੀਰ ਗੋਇੰਦਵਾਲ ਕੋਲੋਂ ਲੰਘਿਆ । ਜੇਕਰ ਖੁਸਰੋ ਵਾਲੀ ਗੱਲ ਦਰੁੱਸਤ ਹੁੰਦੀ ਤਾਂ ਉਹ ਗੋਇੰਦਵਾਲ ਹੀ ਗੁਰੂ ਸਾਹਿਬ ਨੂੰ ਸਜ਼ਾ ਦਿੰਦਾ । ਇਤਿਹਾਸ ਦੱਸਦਾ ਹੈ ਕਿ ਜਹਾਂਗੀਰ ਦਾ ਗੁਰੂ ਅਰਜਨ ਦੇਵ ਜੀ ਨਾਲ ਮੇਲ ਨਹੀਂ ਹੋਇਆ ।

ਮੁਰਤਜ਼ਾ ਖ਼ਾਂ ਨੇ ਗੁਰੂ ਸਾਹਿਬ ਨੂੰ ਦੀਵਾਨ ਚੰਦੂ ਦੇ ਹਵਾਲੇ ਕੀਤਾ



ਜਿਸ ਦਾ ਗੁਰੂ ਜੀ ਨਾਲ ਵੈਰ-ਵਿਰੋਧ ਇਸ ਕਰਕੇ ਸੀ ਕਿ ਉਸ ਦੀ ਲੜਕੀ ਦਾ ਵਿਆਹ ਗੁਰੂ ਜੀ ਨੇ ਆਪਣੇ ਪੁੱਤਰ ਸ੍ਰੀ ਹਰਗੋਬਿੰਦ ਜੀ ਨਾਲ ਕਰਨਾ ਪ੍ਰਵਾਨ ਨਹੀਂ ਕੀਤਾ ਸੀ । ਚੰਦੂ ਨੇ ਯਾਸਾ ਦੇ ਕਾਨੂੰਨ ਅਨੁਸਾਰ ਗੁਰੂ ਸਾਹਿਬ ਨੂੰ ਪੰਜ ਦਿਨਾਂ ਲਈ ਅਸਹਿ ਤੇ ਅਕਹਿ ਕਸ਼ਟ ਦਿੱਤੇ । ਪ੍ਰਸਿੱਧ ਵਿਦਵਾਨ ਸਰਦਾਰ ਕਪੂਰ ਸਿੰਘ ਦੇ ਸ਼ਬਦਾਂ ਵਿੱਚ ਯਾਸਾ ਦਾ ਕਾਨੂੰਨ ਇਕ ਮੰਗਲ ਆਈਨ ਹੈ, ਜਿਹੜਾ ਕਿ ਚੰਗੇਰ ਖ਼ਾਂ ਨੇ ਕਾਇਮ ਕੀਤਾ ਸੀ ।

ਗੁਰੂ ਅਰਜਨ ਦੇਵ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ । ਤੱਤੀਆਂ ਤਵੀਆਂ 'ਤੇ ਬਿਠਾਇਆ ਗਿਆ । ਸਰੀਰ ਉੱਪਰ ਗਰਮ ਰੇਤ ਪਾਈ ਗਈ । ਉੱਬਲਦੇ ਪਾਣੀ ਵਿੱਚ ਗੋਤੇ ਦਿੱਤੇ ਗਏ । ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ, ਪਰ ਉਹ ਆਪਣੇ ਇਰਾਦੇ ਤੇ ਪ੍ਰਭੂ ਦੇ ਭਾਣੇ ਵਿੱਚ ਅਟੱਲ ਰਹੇ ਤੇ ਇਹੋ ਉਚਾਰਿਆ :

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (ਅੰਗ ੩੯੪)**

ਗੁਰੂ ਸਾਹਿਬ ਇਸ ਅੱਤਿਆਚਾਰ ਵਿਰੁੱਧ ਘੋਲ ਕਰਦੇ ਹੋਏ 30 ਮਈ, 1606 ਈ: ਮੁਤਾਬਕ ਜੇਠ ਸੁਦੀ ਚੌਥ, ਸੰਮਤ 1663 ਨੂੰ ਲਾਹੌਰ ਵਿਖੇ ਸ਼ਹੀਦ ਹੋਏ । ਉਹਨਾਂ ਇਸ ਤਰ੍ਹਾਂ ਇਕ ਮਿਸਾਲ ਪੈਦਾ ਕੀਤੀ ਕਿ ਕਿਵੇਂ ਸ਼ਾਂਤਮਈ ਤੇ ਅਹਿੰਸਾ ਨਾਲ ਅੱਤਿਆਚਾਰ ਤੇ ਧੱਕੇ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ ।

ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ ਗੁਰਸਿੱਖੀ ਦਾ ਗੁਣ ਹੈ ਜਿਉਂਦਿਆਂ ਹਉਮੈਂ ਤਿਆਗਣੀ :

**ਗੁਰਸਿਖੀ ਦਾ ਜੀਵਣਾ, ਜੀਂਵਦਿਆਂ ਮਰਿ ਹਉਮੈ ਖੋਵੈ ॥੯॥੨੮॥**

ਗੁਰੂ ਅਰਜਨ ਦੇਵ ਜੀ ਨੇ ਖ਼ੁਦ ਭੀ ਕਿਹਾ ਹੈ :

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ (ਅੰਗ ੧੧੦੨)**

ਉਨ੍ਹਾਂ ਅਮਲੀ ਤੌਰ 'ਤੇ ਆਪਣੀ ਕਥਨੀ ਨੂੰ ਕਰਨੀ ਦਾ ਰੂਪ ਦਿੱਤਾ । ਉਹ ਕਬੀਰ ਜੀ ਦੇ ਇਸ ਕਥਨ 'ਤੇ ਪੂਰੇ ਨਿੱਤਰੇ :

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥**
**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥**
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਅੰਗ ੧੧੦੫)**

ਗੁਰੂ ਅਰਜਨ ਦੇਵ ਜੀ ਤੋਂ ਚੰਗੀ ਮਿਸਾਲ ਹੋਰ ਕਿਸ ਮਹਾਂਪੁਰਖ ਦੀ ਇਸ ਬਾਰੇ ਮਿਲ ਸਕਦੀ ਹੈ । ਪ੍ਰੋਫ਼ੈਸਰ ਅਬਦੁਲ ਮਜੀਦ ਖ਼ਾਂ ਦੇ ਵਿਚਾਰ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦਿੱਤੀ ਅਤੇ ਧਰਮ ਤੇ ਜ਼ਮੀਰ ਦੀ ਸੁਤੰਤਰਤਾ ਦੀ ਲਾਜ ਰੱਖ ਲਈ ।

ਸਾਧੂ ਟੀ. ਐਲ. ਵਾਸਵਾਨੀ ਨੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਦਾ ਨਾਂ ਇਤਿਹਾਸ ਦੇ ਅਮਰ ਵਿਅਕਤੀਆਂ ਵਿੱਚ ਚਮਕਦਾ ਹੈ । ਸ਼ਹੀਦਾਂ ਦਾ ਖ਼ੂਨ ਧਰਮ ਦੀ ਨੀਂਹ ਹੁੰਦਾ ਹੈ ਤੇ ਇਹ ਕਦੇ ਅਜਾਈਂ ਨਹੀਂ ਜਾਂਦਾ । ਇਹ ਰੰਗ ਅਵੱਸ਼ ਲਿਆਉਂਦਾ ਹੈ । ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਭੀ ਰੰਗ ਲਿਆਈ । ਇਸ ਨੇ ਸਿੱਖ ਧਰਮ ਦੇ ਵਿਕਾਸ ਨੂੰ ਇਕ ਨਵਾਂ ਮੋੜ ਦਿੱਤਾ ਤੇ ਸਿੱਖ ਧਰਮ ਭਗਤੀ ਤੋਂ ਸ਼ਕਤੀ ਵੱਲ ਪੁਲਾਂਘਾਂ ਭਰਨ ਲੱਗ ਪਿਆ, ਜਿਸ ਨੇ ਸਾਡੇ ਦੇਸ਼ ਦੇ ਇਤਿਹਾਸ ਦਾ ਧੁਰਾ ਬਦਲ ਕੇ ਰੱਖ ਦਿੱਤਾ ।

ਲੇਖਕ-ਸੁਰਜੀਤ ਸਿੰਘ 'ਮਿਨਹਾਸ'
ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ
(ਪੁਸਤਕ 'ਸਾਡਾ ਵਿਰਸਾ' ਵਿੱਚੋਂ ਧੰਨਵਾਦ ਸਹਿਤ)



# ਗੁਰੂ ਕੀ ਗੋਲਕ ਤੇ ਗੁਰੂ ਕੇ ਲੰਗਰ ਸੰਬੰਧੀ ਸਿੱਖ ਮਰਿਆਦਾ

ਸਿੱਖ ਗੁਰੂ ਸਾਹਿਬਾਨ ਸੰਸਾਰ ਦੇ ਜੀਵਾਂ ਦੇ ਭਲੇ ਲਈ ਇਕ ਨਿੱਗਰ ਮਨੋਰਥ ਲੈ ਕੇ ਸੰਸਾਰ ਵਿੱਚ ਆਏ ਸਨ ਤੇ ਉਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਆਪਣੀਆਂ ਸਾਰੀਆਂ ਸ਼ਕਤੀਆਂ ਸੰਸਾਰ ਦੇ ਪ੍ਰਾਣੀਆਂ ਦੇ ਭਲੇ ਲਈ ਖ਼ਰਚ ਕੀਤੀਆਂ ਸਨ । ਗੁਰੂ ਸਾਹਿਬਾਨ ਦੇ ਸਰੀਰਕ ਜੀਵਨ ਦੇ ਸਮਾਪਤ ਹੋ ਜਾਣ ਉੱਤੇ ਜਿਸ ਚੀਜ਼ ਨੇ ਉਹਨਾਂ ਦੇ ਕੰਮਾਂ ਨੂੰ ਅਗਾਂਹ ਤੋਰਨ ਵਿੱਚ ਸਹਾਇਕ ਹੋਣਾ ਸੀ, ਉਹ ਸੀ ਸਿੱਖ ਗੁਰਦੁਆਰਿਆਂ ਨੂੰ ਚੜ੍ਹਨ ਵਾਲਾ ਚੜ੍ਹਾਵਾ । ਗੁਰੂ ਕੀ ਗੋਲਕ ਨੂੰ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਜਿਸ ਮਨੋਰਥ ਲਈ ਵਰਤਿਆ ਉਹਨਾਂ ਦੇ ਪਿੱਛੋਂ ਵੀ ਇਸ ਨੂੰ ਉਸ ਮਨੋਰਥ ਦੀ ਪੂਰਤੀ ਲਈ ਹੀ ਵਰਤਿਆ ਜਾ ਸਕਦਾ ਹੈ । ਇਹ ਗੋਲਕ ਕਿਸ ਤਰ੍ਹਾਂ ਖ਼ਰਚ ਹੋਵੇ ਇਸ ਗੱਲ ਦਾ ਪਤਾ ਗੁਰਬਾਣੀ ਤੇ ਗੁਰੂ ਘਰ ਦੇ ਇਤਿਹਾਸ ਤੋਂ ਲੱਗ ਜਾਂਦਾ ਹੈ । ਗੁਰੂ ਕੀ ਗੋਲਕ ਦਾ ਇਕ ਬੰਧਾਨ ਹੈ ਜੋ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ ਵਿੱਚ ਉਚੇਚੀ ਥਾਂ ਰੱਖਦਾ ਹੈ ਪਰ ਇਸ ਬੰਧਾਨ 'ਤੇ ਪੂਰੀ ਤਰ੍ਹਾਂ ਅਮਲ ਨਾ ਹੋਣਾ ਤੇ ਇਸ ਦਾ ਆਮ ਸੰਗਤਾਂ ਨੂੰ ਪਤਾ ਵੀ ਨਾ ਹੋਣਾ ਅਫ਼ਸੋਸ ਵਾਲੀ ਗੱਲ ਹੈ । ਅਸਾਂ ਹੇਠ ਲਿਖਿਆ ਮਜ਼ਮੂਨ 'ਬੰਸਾਵਲੀ ਨਾਮਾ' ਗ੍ਰੰਥ ਤੋਂ ਤਰਜਮਾ ਕਰ ਕੇ ਛਾਪਿਆ ਹੈ । ਸਿੱਖ ਧਰਮ ਦੇ ਇਤਿਹਾਸ ਦਾ ਇਹ ਇਕ ਪੁਰਾਤਨ ਗ੍ਰੰਥ ਹੈ, ਜਿਸ ਨੂੰ ਭਾਈ ਕੇਸਰ ਸਿੰਘ ਛਿੱਬਰ ਨੇ ਰਚਿਆ । ਭਾਈ ਕੇਸਰ ਸਿੰਘ ਛਿੱਬਰ ਦਸਵੇਂ ਪਾਤਸ਼ਾਹ ਜੀ ਦੇ ਦੀਵਾਨ ਭਾਈ ਧਰਮ ਚੰਦ ਦੇ ਬੇਟੇ, ਭਾਈ ਗੁਰਬਖ਼ਸ਼ ਸਿੰਘ ਛਿੱਬਰ ਦਾ ਪੁੱਤਰ ਸੀ । ਭਾਈ ਕੇਸਰ ਸਿੰਘ ਨੂੰ ਦਸਵੇਂ ਪਾਤਸ਼ਾਹ ਦੇ ਚਰਨਾਂ ਵਿੱਚ ਪਲਣ ਦਾ ਵੀ ਮਾਣ ਪ੍ਰਾਪਤ ਸੀ । ਉਸ ਨੇ ਇਸ ਗ੍ਰੰਥ ਦੀ ਰਚਨਾ ਸੰਮਤ 1784 ਤਕ ਕੀਤੀ ਸੀ । ਛਿੱਬਰ ਖ਼ਾਨਦਾਨ ਦਾ ਸੰਬੰਧ ਗੁਰੂ ਘਰ ਨਾਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਕਾਇਮ ਹੋਇਆ ਸੀ । ਭਾਈ ਜੀ ਦੇ ਗ੍ਰੰਥ ਵਿੱਚੋਂ ਸਾਨੂੰ ਸਿੱਖ ਗੁਰਦੁਆਰਿਆਂ ਦੀ ਚੜ੍ਹਤ ਤੇ ਸਿੱਖ ਗੁਰਦੁਆਰਿਆਂ ਦੇ ਲੰਗਰਾਂ ਵਿੱਚ ਪੱਕਣ ਵਾਲੇ ਪਦਾਰਥਾਂ ਦੇ ਸੰਬੰਧ ਵਿੱਚ ਬੁਨਿਆਦੀ ਚਾਨਣ ਮਿਲਦਾ ਹੈ । ਜਿਸ ਬੰਧਾਨ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ, ਉਹ ਸੰਮਤ 1769 ਵਿੱਚ ਬਹਾਲ ਕੀਤਾ ਗਿਆ ਤੇ ਇਸ ਨੂੰ ਬਹਾਲ ਕਰਨ ਲਈ ਦਸਵੇਂ ਪਾਤਿਸ਼ਾਹ ਦੇ ਮਾਮਾ ਕ੍ਰਿਪਾਲ ਸਿੰਘ ਜੀ ਨੂੰ ਪੰਜਾਂ

ਸਿੰਘਾਂ ਨਾਲ ਆਪਣੇ ਦਿੱਲੀ ਦੇ ਨਿਵਾਸ ਤੋਂ ਅੰਮ੍ਰਿਤਸਰ ਆਪਣਾ ਪ੍ਰਤੀਨਿਧ ਬਣਾ ਕੇ ਭੇਜਿਆ ਸੀ ਤੇ ਇਹਨਾਂ ਨੇ ਇਸ ਬੰਧਾਨ ਨੂੰ ਅੰਮ੍ਰਿਤਸਰ ਦੇ ਸਥਾਨਕ ਪ੍ਰਮੁੱਖ ਸਿੱਖਾਂ ਦੀ ਰਾਇ ਨਾਲ ਅਤੇ ਮਾਤਾ ਜੀਆਂ ਦੀ ਮਰਜ਼ੀ ਅਨੁਸਾਰ ਬਹਾਲ ਕੀਤਾ ਸੀ । ਦੀਵਾਨ ਧਰਮ ਚੰਦ ਦੇ ਪੁੱਤਰ ਗੁਰਬਖ਼ਸ਼ ਸਿੰਘ ਛਿੱਬਰ ਨੂੰ ਦਰੋਗਾ ਬਣਾਇਆ ਗਿਆ ਤੇ ਉਸ ਦੇ ਸਪੁੱਰਦ ਗਊਖ਼ਾਨਾ, ਖ਼ਜ਼ਾਨਾ ਤੇ ਕਾਰਖ਼ਾਨਾ ਕਰ ਦਿੱਤੇ ਗਏ । ਸਦਾ ਬਰਤ (ਲੰਗਰ) ਬਾਰੇ ਇਹ ਮਰਿਆਦਾ ਥਾਪੀ ਗਈ ਕਿ ਜਿਹੜਾ ਵੀ ਕੋਈ ਪ੍ਰਦੇਸੀ ਆਵੇ, ਭਾਵੇਂ ਉਹ ਯਾਤਰੂ ਹੋਵੇ, ਭਾਵੇਂ ਮੁਸਾਫ਼ਿਰ, ਭਾਵੇਂ ਸੰਤ ਹੋਵੇ, ਭਾਵੇਂ ਫ਼ਕੀਰ ਤੇ ਭਾਵੇਂ ਉਹ ਸਾਧਾਰਣ ਬੰਦਾ ਹੋਵੇ, ਉਹ ਪਹਿਲੇ ਦਿਨ ਗੁਰੂ ਕੇ ਲੰਗਰੋਂ ਪ੍ਰਸ਼ਾਦਾ ਛਕੇ ਜਾਂ ਸੀਧਾ ਲਵੇ । ਜਿਹੜੇ ਬੰਦੇ ਸਰੀਰਾਂ ਤੋਂ ਨਕਾਰੇ ਹੋਣ ਤੇ ਆਪਣੇ ਨਿਰਬਾਹ ਲਈ ਆਪਣੀ ਰੋਜ਼ੀ ਆਪਣੇ ਸਰੀਰਾਂ ਦੀ ਸਿਥਿਲਤਾ, ਨਕਾਰਾਪਨ ਜਾਂ ਬੇਵੱਸੀ ਦੇ ਕਾਰਨ ਆਪ ਨਾ ਕਮਾ ਸਕਦੇ ਹੋਣ, ਉਹਨਾਂ ਦੇ ਰੋਜ਼ੀਨੇ ਬੰਨ੍ਹ ਦਿੱਤੇ ਗਏ । ਜੋ ਰੋਜ਼ੀਨੇ (ਆਟਾ, ਦਾਲ ਦੇ ਘਿਓ ਆਦਿ) ਪਦਾਰਥਾਂ ਦੀ ਸ਼ਕਲ ਵਿੱਚ ਨਿਤਾਣੇ ਬੰਦਿਆਂ ਲਈ ਬੰਨ੍ਹੇ ਗਏ, ਉਹ ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੋਦੀਖ਼ਾਨੇ ਤੋਂ ਲੈਣੇ ਹੁੰਦੇ ਸਨ । ਨੇਤਰਹੀਣ, ਲੰਗੜੇ ਤੇ ਬਿਰਧ, ਇਹਨਾਂ ਤਿੰਨਾਂ ਕਿਸਮਾਂ ਦੇ ਅਪਾਹਿਜਾਂ ਦੇ ਨਾਲ ਇਕ ਸ਼ਬਦ ਹੋਰ 'ਅਰਥੀ ਵੀ ਵਰਤਿਆ ਗਿਆ ਹੈ । ਇਸ ਸ਼੍ਰੇਣੀ ਲਈ ਵੀ ਰੋਜ਼ੀਨਿਆਂ ਦਾ ਬੰਧਾਨ ਬੰਨ੍ਹਿਆ ਗਿਆ । ਅਪਾਹਿਜਾਂ ਵਾਂਗ ਉਸ ਸ਼੍ਰੇਣੀ ਨੂੰ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਵਿੱਚੋਂ ਸੀਧੇ ਦੀ ਸਹਾਇਤਾ ਦਾ ਅਧਿਕਾਰੀ ਗਿਣਿਆ ਗਿਆ । ਬੁੱਢੀਆਂ-ਠੇਰੀਆਂ ਮਾਈਆਂ ਵਾਸਤੇ ਵੀ ਇਹ ਬੰਧਾਨ ਬੰਨ੍ਹਿਆ ਗਿਆ ਕਿ ਜਿਹੜੀ ਮਾਈ ਆਪਣੇ ਸਰੀਰਕ ਨਕਾਰਾਪਨ ਦੇ ਕਾਰਨ ਆਪਣੇ ਨਿਰਬਾਹ ਲਈ ਕੋਈ ਕਾਰ-ਵਿਹਾਰ ਨਾ ਕਰ ਸਕਦੀ ਹੋਵੇ ਤੇ ਗੁਰੂ ਘਰ ਦੀ ਓਟ ਤੋਂ ਬਿਨਾਂ ਉਸ ਦਾ ਆਸਰਾ ਵੀ ਕੋਈ ਹੋਰ ਨਾ ਹੋਵੇ, ਉਹ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਤੋਂ ਭੋਜਨ ਮਾਤਰ ਲੈ ਕੇ ਆਪਣਾ ਜੀਵਨ ਨਿਰਬਾਹ ਕਰੇ । ਯਾਤਰੂਆਂ, ਮੁਸਾਫ਼ਿਰਾਂ ਅਤੇ ਅਰਥੀਆਂ ਦਾ ਜੋ ਵੇਰਵਾ ਉੱਤੇ ਦਿੱਤਾ ਗਿਆ ਹੈ, ਇਹਨਾਂ ਲਈ ਜੋ ਬੰਧਾਨ ਸੀਧੇ ਅਤੇ ਪੱਕੇ ਭੋਜਨ ਦੇ ਬੰਨ੍ਹੇ ਗਏ, ਉਹਨਾਂ ਬਾਰੇ ਇਹ ਗੱਲ ਵੀ ਨਾਲ ਹੀ ਪੱਕੀ ਕਰ ਦਿੱਤੀ ਗਈ ਕਿ ਇਹਨਾਂ ਦੇ ਖ਼ਰਚਾਂ ਦੇ ਭੁਗਤ ਜਾਣ ਪਿੱਛੋਂ ਹੀ ਸ੍ਰੀ ਦਰਬਾਰ ਸਾਹਿਬ ਦੇ ਦਰੋਗਿਆਂ, ਮਸੰਦੀਆਂ ਅਤੇ ਕਾਮਿਆਂ ਦੀਆਂ ਤਨਖ਼ਾਹਾਂ ਦਿੱਤੀਆਂ ਜਾ ਸਕਦੀਆਂ ਹਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਮਤ ੧੭੬੫ ਬਿਕ੍ਰਮੀ ਵਿੱਚ ਜੋਤੀ ਜੋਤਿ ਸਮਾ ਗਏ ਸਨ । ਇਸ ਬੰਧਾਨ ਦੀ ਬਹਾਲੀ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਦੀ ਬੱਚਤ ਦਸਵੇਂ



ਪਾਤਿਸ਼ਾਹ ਦੇ ਦੋਹਾਂ ਮਹਿਲਾਂ (ਮਾਤਾ ਜੀਆਂ) ਪਾਸ ਹੋ ਸਕਦੀ ਸੀ । ਮਾਤਾ ਜੀਆਂ ਪਾਸ ਪਹੁੰਚਣ ਵਾਲੀ ਚੜ੍ਹਤ ਬਾਰੇ ਵੀ ਇਹ ਗੱਲ ਨਿਸ਼ਚਿਤ ਕੀਤੀ ਗਈ ਕਿ ਯਾਤਰੂਆਂ, ਮੁਸਾਫ਼ਿਰਾਂ ਦੇ ਸੀਧਿਆਂ ਤੇ ਪੱਕੇ ਭੋਜਨ ਦੇ ਖ਼ਰਚਾਂ, ਅਰਥੀਆਂ ਤੇ ਰੋਜ਼ੀਨਿਆਂ ਆਦਿ ਦੇ ਖ਼ਰਚਾਂ ਤੇ ਦਰੋਗਿਆਂ ਦੀਆਂ ਤਨਖ਼ਾਹਾਂ ਦੇ ਭੁਗਤਾਨ ਮਗਰੋਂ ਹੀ ਜੋ ਮਾਇਆ ਚੜ੍ਹਾਵੇ ਦੀ ਬਚੇ ਉਸ ਦੀ ਹੁੰਡੀ ਲਾਹੌਰ ਸ਼ਹਿਰੋਂ ਕਰਵਾ ਕੇ ਮਾਤਾ ਜੀਆਂ ਪਾਸ ਦਿੱਲੀ ਭੇਜੀ ਜਾਵੇ ।

ਉੱਪਰ ਲਿਖਿਆ ਜੋ ਬੰਧਾਨ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਦਾ ਮਾਮਾ ਕ੍ਰਿਪਾਲ ਸਿੰਘ ਜੀ ਨੇ ਬਹਾਲ ਕੀਤਾ, ਉਸ ਦਾ ਪਤਾ ਜਿਉਂ-ਜਿਉਂ ਅੰਮ੍ਰਿਤਸਰ ਸ਼ਹਿਰ ਦੀ ਜਨਤਾ ਨੂੰ ਲੱਗਦਾ ਗਿਆ, ਤਿਉਂ-ਤਿਉਂ ਹਰ ਇਕ ਆਦਮੀ ਗੁਰੂ ਘਰ ਦੀਆਂ ਸਿਫ਼ਤਾਂ ਕਰਨ ਲੱਗਾ ਤੇ ਇਸ ਬੰਧਾਨ ਉੱਤੇ 'ਧੰਨ ਧੰਨ ਗੁਰੂ ਘਰ' ਕਹਿਣ ਲੱਗਾ । ਫਿਰ ਭਾਈ ਮਨੀ ਸਿੰਘ ਜੀ ਮਾਮਾ ਜੀ ਪਾਸ ਆ ਗਏ ਤੇ ਉਹਨਾਂ ਪਾਸ ਕੁਝ ਸਮਾਂ ਰਹੇ ।

**ਜੋ ਕੁਛ ਖ਼ਜ਼ਾਨਾ ਪੂਜਾ ਦਾ ਦਰਬਾਰਿ ਚੜ੍ਹਿਆ ਹੋਗਾ**
**ਤਿਸ ਦੀ ਇਹ ਜੁਗਤਿ ਠਹਿਰਾਈ ।**
**ਗਿਣਿ ਮਿਣਿ ਤੋਲਿ ਹੱਟੀ ਸਿਆਮਾ ਭਾਵੜੇ ਦੀ ਪਾਣੀ ਜਾਈ ।**
**ਸਦਾ ਬਰਤ ਜੋ ਕੋਈ ਸਾਧ-ਸੰਤ ਸਿੱਖ ਫ਼ਕੀਰ ਪਰਦੇਸੀ ਆਵੈ ।**
**ਤਿਸ ਕੀ ਇਹ ਜੁਗਤਿ ਠਹਿਰਾਈ ।**
**ਜੋ ਸੀਧਾ ਭੋਜਨ ਦਿਨ ਪਹਿਲੇ ਗੁਰੂ ਕੇ ਘਰੋਂ ਪਾਵੈ ।**
**ਰਾਜ ਚਾਰ ਹਮੇਸ਼ਾ ਲੱਗੇ ਰਹਿਣ ।**
**ਅਧੇਲੀ ਰੋਜ ਤਿਨ੍ਹਾਂ ਦਾ ਕਹਿਣ ।**
**ਸੂਰਦਾਸ, ਲੰਙਾ, ਬੁੱਢਾ, ਹੀਣਾ, ਅਰਥੀ ਹੋਵੇ ਕੋਈ ।**
**ਰੋਜ਼ ਠਹਿਰਾਇ ਦਿੱਤੇ ਲਏ ਦਰਬਾਰੋਂ ਸੋਈ ।**
**ਹੋਰੁ ਮਾਈ ਬੁੱਢੀ ਠੇਰੀ ਸਿੱਖਣੀ ਗੁਰੂ ਕੇ ਘਰ ਦੀ ਜੇ ਹੋਵੈ ।**
**ਸੋਈ ਭੋਜਨ ਮਾਤਰ ਦਰਬਾਰੋਂ ਲੇਵੈ ।**
**ਇਸ ਖ਼ਰਚ ਤੇ ਦੇ ਲੈ ਜੋ ਵਧੇ ਮਾਇਆ ।**
**ਮਹੀਨੇ ਕਾਮਿਆਂ ਮਸੰਦੀਆਂ ਦਰੋਗਿਆਂ ਦੇ ਠਹਿਰਾਇਆ ।**
**ਜੋ ਸਭ ਖ਼ਰਚ ਕਰ ਕੇ ਕਉਡੀ ਦਮੜੀ ਵਧ ਰਹੇ ।**
**ਤਿਸ ਦੀ ਹੁੰਡੀ ਕਰ ਦਿੱਲੀ ਨੂੰ ਭੇਜਿਆ ਰਹੇ ।**

ਉਸ ਸਮੇਂ ਦਾ ਸਿੱਖੀ ਚਲਨ ਦੱਸਦੇ ਹੋਏ ਭਾਈ ਸਾਹਿਬ ਲਿਖਦੇ ਹਨ :

**ਮੇਲਾ ਹੋਵੇ ਧਰਮ ਦਾ ਨ ਚੋਰ ਯਾਰ ਨ ਰਾਹਿ ਕੋਹੀ ਕਿਸੇ ਦੇ ਜਾਇ ।**
**ਤ੍ਰੈ ਚਾਰ ਮੇਲੇ ਉਪਰਿ ਫਿਰਨ ਭੰਡਾਰੇ ।**

**ਆਟਾ ਦਾਲ ਘਿਓ ਗਰੀਬਾਂ ਨੂੰ ਦੇਵਨ ਹਾਰੇ ।**
**ਹਥ ਜੋੜਿ ਅਧੀਨ ਹੋਏ ਸੰਗਤਾਂ ਨੂੰ ਸੀਧਾ ਦੇਵਨ ।**
**ਨਹੀਂ ਗ਼ਰੀਬ ਨਾਥ ਸੀਧਾ ਲਵਨ ।**

ਉਸ ਮੌਕੇ ਦੇ ਲਿਖ਼ਾਰੀ ਦੀ ਇਹ ਲਿਖ਼ਤ ਸਾਫ਼ ਦੱਸਦੀ ਹੈ ਕਿ ਗੋਲਕ ਦੇ ਚੜ੍ਹਾਵੇ ਦੀ ਮਾਇਆ ਕੇਵਲ ਅਭਿਆਗਤਾਂ, ਅਨਾਥਾਂ, ਅਤੀਤਾਂ, ਅਪਾਹਿਜਾਂ ਤੇ ਗ਼ਰੀਬਾਂ ਦੀ ਸੇਵਾ ਉੱਤੇ ਹੀ ਲਾਈ ਜਾਂਦੀ ਸੀ । ਇਸ ਲਾਜ਼ਮੀ ਖ਼ਰਚ ਤੋਂ ਵਧੀ ਮਾਇਆ ਗੁਰਧਾਮਾਂ ਦੇ ਪ੍ਰਬੰਧ ਤੇ ਮੁਰੰਮਤ ਆਦਿ ਉੱਤੇ ਲਾਉਣ ਦਾ ਬੰਧਾਨ ਸੀ । ਮਾਤਾ ਜੀਆਂ ਪਾਸ ਭੀ ਜੋ ਧਨ ਜਾਗੀਰ, ਦਸਵੰਧ, ਗੋਲਕ ਤੇ ਕਾਰ-ਭੇਟ ਦੇ ਰੂਪ ਵਿੱਚ ਜਮ੍ਹਾਂ ਹੁੰਦਾ ਸੀ, ਉਸ ਨੂੰ ਵੀ ਆਪ ਲੰਗਰ ਤੇ ਲੋੜਵੰਦਾਂ ਦੀ ਸੇਵਾ ਸਹਾਇਤਾ ਪੁਰ ਹੀ ਖ਼ਰਚ ਕਰ ਦੇਂਦੇ ਸਨ । ਇਹ ਗੱਲ ਉਹਨਾਂ ਦੇ ਹੁਕਮਨਾਮਿਆਂ ਤੋਂ ਸਪੱਸ਼ਟ ਹੋ ਜਾਂਦੀ ਹੈ । ਮਾਤਾ ਸਾਹਿਬ ਦੇਵਾਂ ਜੀ ਦੇ ਇਕ ਹੁਕਮਨਾਮੇ ਵਿੱਚ ਤਾਕੀਦ ਕੀਤੀ ਗਈ ਹੈ ਕਿ, "ਭਾਈ ਮਾਨ ਸਿੰਘ, ਗੁਰੂ ਰੱਖੇਗਾ । ਗੁਰੂ ਗੁਰੂ ਜੱਪਣਾ, ਜਨਮ ਸਵਾਰਨਾ । ਆਗੈ ਭਾਈ ਬਿਣਤੇ ਦੀ ਮਾਰਫ਼ਤ ਖੂਹ ਪੁੱਟਣ ਸ਼ੇਖ ਫ਼ਰੀਦ ਦੇ ਵਿੱਚ ਨਵਾਂ ਬਣਵਾਇ ਦੇਵਣਾ । ਜੇ ਕੁਝ ਲੱਗੇ ਸੋ ਸਰਕਾਰ ਦੇ ਲੇਖੇ ਲਾਵਣਾ । ਜੋ ਸਿੰਘ ਪਾਣੀ ਪੀਵਣਗੇ ਭਲਾ ਹੋਗੁ । ਹੁਕਮ ਤੁਸ ਨੇ ਲਿਖਾ ਹੈ, ਖੂਹ ਹਛਾ ਬਣਾਇ ਦੇਵਣਾ ।

(ਸਿ. ਰੈ. ਲਾ. ਨੰ: ੨੧੯੯-੧੩)

ਦੀਵਾਲੀ ਤੇ ਵਿਸਾਖੀ ਦੇ ਮੇਲਿਆਂ ਦੇ ਅਵਸਰਾਂ ਉੱਤੇ ਵੰਡੇ ਜਾਣ ਵਾਲੇ ਭੰਡਾਰਿਆਂ ਦੇ ਸੰਬੰਧ ਵਿੱਚ ਇਹ ਗੱਲ ਧਿਆਨ ਨਾਲ ਪੜ੍ਹੀ ਜਾਣ ਵਾਲੀ ਹੈ ਕਿ ਆਪਣੀ ਕਮਾਈ ਕਰ ਕੇ ਆਪਣਾ ਗੁਜ਼ਾਰਾ ਆਪ ਕਰ ਸਕਣ ਵਾਲਾ ਕੋਈ ਕਿਰਤੀ ਬੰਦਾ ਵੀ ਇਹਨਾਂ ਸੀਧਿਆਂ ਨੂੰ ਨਹੀਂ ਲਿਆ ਕਰਦਾ ਸੀ । ਬਲਕਿ ਬਿਹੰਗਮ, ਅਪਾਹਿਜ, ਅਤੀਤੀ ਅਤੇ ਅਭਿਆਗਤ ਹੀ ਲੈਂਦੇ ਸਨ । ਪ੍ਰਸੰਗ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਮਾਮਾ ਜੀ ਦੇ ਬੁਲਾਉਣ ਉੱਤੇ ਕਿਹੜੇ ਕਿਹੜੇ ਚੌਧਰੀ ਤੇ ਪ੍ਰਮੁੱਖ ਇਸ ਬੰਧਾਨ ਦਾ ਨਿਰਣਾ ਕਰਨ ਲਈ ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚੋਂ ਸ੍ਰੀ ਦਰਬਾਰ ਸਾਹਿਬ ਪੁੱਜੇ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮਸ਼ਾਲ ਦੀ ਜੋ ਨੀਂਹ ਸ੍ਰੀ ਕਰਤਾਰਪੁਰ ਰਾਵੀ ਵਿਖੇ ਰੱਖੀ ਸੀ, ਉਸ ਦੇ ਉਹਨਾਂ ਨੇ ਤਿੰਨ ਬੁਨਿਆਦੀ ਅਸੂਲ ਬਣਾਏ ਸਨ—ਗੁਰਬਾਣੀ ਦਾ ਕਥਾ ਕੀਰਤਨ, ਲੰਗਰ ਤੇ ਰਿਹਾਇਸ਼ ।



## ਸਭ ਤੋਂ ਉੱਤਮ ਆਰਥਿਕ ਪ੍ਰਬੰਧ

# ਦਸਵੰਧ

### ਪੰਚਮ ਪਾਤਿਸ਼ਾਹ ਨੂੰ ਆਰਥਿਕ ਸੰਕਟ

ਇਨਸਾਨੀਅਤ ਦੇ ਤਕਾਜ਼ੇ ਅਨੁਸਾਰ ਆਰਥਿਕ ਔਕੜਾਂ ਜਿਵੇਂ ਹੋਰਨਾਂ ਭਗਤਾਂ ਤੇ ਮਹਾਂਪੁਰਖਾਂ ਨੂੰ ਪੇਸ਼ ਆਈਆਂ ਓਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ, ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਜੱਫਾ-ਮਾਰੂ ਸੁਭਾਅ ਨੇ ਮਾਲੀ ਮੁਸ਼ਕਲਾਂ ਦੇ ਮੱਥੇ ਲਾ ਦਿੱਤਾ । ਇੱਥੋਂ ਤਕ ਕਿ ਗੁਰੂ ਕਾ ਲੰਗਰ ਮਸਤਾਨਾ ਰਹਿਣ ਲੱਗਾ ਅਤੇ ਘਰ ਵਿੱਚ ਵੀ ਬਦਾਮਾਂ (ਛੋਲਿਆਂ) ਦੀ ਮਧੂਕਰੀ ਪੱਕਣ ਲੱਗੀ ਅਤੇ ਧਰਮ ਦੇ ਪ੍ਰਚਾਰ ਵਿੱਚ ਪੈ ਰਹੀ ਰੁਕਾਵਟ ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿ ਮੁਖੀ ਗੁਰਮੁਖਾਂ ਨੇ ਮਹਿਸੂਸ ਕੀਤਾ ਤੇ ਗੁਰੂ ਮਹਾਰਾਜ ਪਾਸ ਇਸ ਆਰਥਿਕ ਮਸਲੇ ਨੂੰ ਪੱਕੇ ਤੌਰ ਪੁਰ ਸਦਾ ਲਈ ਹੱਲ ਕਰਨ ਵਾਸਤੇ ਪ੍ਰਾਰਥਨਾ ਕੀਤੀ । ਸਤਿਗੁਰੂ ਦਿਆਲ ਹੋਏ ਤੇ ਆਪ ਨੇ ਇਕ ਐਸੀ ਵਿਉਂਤ ਬਣਾਈ ਜਿਸ ਦੀ ਨਜ਼ੀਰ ਪਿਛਲੀ ਦੁਨੀਆਂ ਦੇ ਇਤਿਹਾਸ ਵਿੱਚ ਨਹੀਂ ਮਿਲਦੀ । ਉਹ ਸੀ '**ਦਸਵੰਧ**' ਅਰਥਾਤ ਦਸਵਾਂ ਹਿੱਸਾ ਸਾਰੀ ਕਿਰਤ ਕਮਾਈ ਦਾ ਹਰ ਇਕ ਗੁਰਸਿੱਖ, ਗੁਰੂ ਨਮਿਤ ਕੱਢੇ ਅਤੇ ਆਪਣੇ ਇਲਾਕੇ ਦੇ ਮਸੰਦ ਰਾਹੀਂ ਸਤਿਗੁਰਾਂ ਦੇ ਹਜ਼ੂਰ ਪਹੁੰਚਾਵੇ ਜਾਂ ਆਪ ਹਾਜ਼ਰ ਹੋ ਕੇ ਗੁਰੂ ਦੀ ਗੋਲਕ ਵਿੱਚ ਪਾਵੇ । ਇਸ ਤਜਵੀਜ਼ ਨੂੰ ਸਾਰਿਆਂ ਬੜਾ ਪਸੰਦ ਕੀਤਾ ਤੇ ਤੁਰੰਤ ਅਮਲ ਸ਼ੁਰੂ ਹੋ ਗਿਆ । ਦਿਨਾਂ ਵਿੱਚ ਹੀ ਗੁਰੂ ਦਰਬਾਰ ਵਿੱਚ ਆਰਥਿਕ ਚਹਿਲ-ਪਹਿਲ ਲੱਗ ਗਈ । ਧਰਮ-ਪ੍ਰਚਾਰ, ਚਲਣ-ਸੁਧਾਰ ਤੇ ਵਿੱਦਿਆ ਵਿਹਾਰ ਦੀਆਂ ਰੌਣਕਾਂ ਵਿੱਚ ਸ਼ਾਨਦਾਰ ਵਾਧਾ ਹੋ ਗਿਆ । ਸਿੱਖ ਕਿਵੇਂ ਚਾਉ ਤੇ ਸ਼ਰਧਾ ਨਾਲ ਦਸਵੰਧ ਦੇਂਦੇ ਤੇ ਮਸੰਦ ਪੂਰੀ ਇਮਾਨਦਾਰੀ ਨਾਲ ਗੁਰੂ ਕੇ ਹਜ਼ੂਰ ਪਹੁੰਚਾਉਂਦੇ ਸਨ, ਇਸ ਬਾਰੇ ਮੌਕੇ ਦਾ ਲਿਖਾਰੀ ਸੰਤ ਬਹਿਰਾਮ ਇਸ ਤਰ੍ਹਾਂ ਦੱਸਦਾ ਹੈ :- "ਪੰਜਵੇਂ ਤੇ ਪਹਿਲੇ ਮਹਿਲ, ਸਿੱਖਾਂ ਪਾਸੋਂ ਕਾਰ-ਭੇਟਾ ਨਹੀਂ ਸਨ ਲੈਂਦੇ । ਆਪਣੀ ਖ਼ੁਸ਼ੀ ਨਾਲ ਜੋ ਕੋਈ ਚਰਨ ਭੇਟਾ ਰੱਖਦਾ, ਬੱਸ ਹੁੰਦਾ ਸੀ । (ਗੁਰੂ) ਅਰਜਨ ਦੇਵ ਜੀ ਨੇ ਆਪਣੇ ਸਮੇਂ ਹਰ ਸ਼ਹਿਰ ਦੇ, ਸਿੱਖਾਂ ਵਿੱਚੋਂ ਇਕ ਦੀ ਸੇਵਾ ਲਾਈ ਜੋ ਉਹਨਾਂ ਪਾਸੋਂ ਕਾਰ-ਭੇਟਾ ਵਸੂਲ ਕਰੇ । ਇਹ ਬੰਧਾਨ ਕਰ ਦਿੱਤਾ ਗਿਆ ਕਿ ਉਦਾਸੀ (ਦੁਨੀਆਂਦਾਰੀ ਛੱਡ ਦੇਣ ਵਾਲਾ) ਬਣਨਾ ਭਲਾ ਨਹੀਂ । ਇਸ ਕਰਕੇ ਬਾਜ਼ੇ ਗੁਰਸਿੱਖ ਵਾਹੀ ਕਰਦੇ ਹਨ, ਕੁਝ ਸੌਦਾਗਰੀ ਅਤੇ ਬਹੁਤੇ ਨੌਕਰੀ—ਤੇ ਹਰ ਕੋਈ ਸਾਲ ਭਰ ਕਿਰਤ ਵਿਰਤ ਕਰਕੇ ਵਿਤ ਅਨੁਸਾਰ ਜੋ ਕੁਝ ਜੋੜਦਾ ਹੈ ਉਸ ਵਿੱਚੋਂ ਕਾਰ-ਭੇਟਾ ਵਜੋਂ ਬਣਾਈ ਰਕਮ ਆਪਣੇ ਇਲਾਕੇ ਦੇ ਮਸੰਦ ਪਾਸ

ਪੁਚਾ ਦੇਂਦਾ ਹੈ । ਮਸੰਦ ਉਸ ਨੂੰ ਅੰਗੀ-ਕਾਰ ਨਹੀਂ ਕਰਦਾ ਤੇ ਹੋਰ ਜੋ ਕੁਝ ਸਾਲ ਵਿੱਚ ਮਸੰਦ ਵਾਸਤੇ ਇਸ ਲਈ ਲਿਆਉਂਦੇ ਹਨ ਉਹ ਉਨ੍ਹਾਂ ਦੀ ਭੇਟਾ ਗੁਰੂ ਕੇ ਹਜ਼ੂਰ ਪਹੁੰਚਾਉਂਦਾ ਹੈ । ਉਸ ਨੂੰ ਮਸੰਦ ਕੇਵਲ ਉਸੇ ਸੂਰਤ ਵਿੱਚ ਆਪ ਅੰਗੀਕਾਰ ਕਰਦਾ ਹੈ ਜੇ ਉਸ ਪਾਸ ਗੁਜ਼ਾਰੇ ਦਾ ਹੋਰ ਕੋਈ ਕਾਰ-ਵਿਹਾਰ ਨਾ ਹੋਵੇ । ਜੇ ਕੋਈ ਕਾਰ-ਵਿਹਾਰ ਕਰਦਾ ਹੋਵੇ, ਤਾਂ ਉਸ ਧਨ ਨਾਲ ਨਹੀਂ ਲਿਬੜਦਾ । ਕੌਡੀ-ਕੌਡੀ ਇਕੱਠੀ ਕਰਕੇ ਗੁਰੂ ਕੇ ਪਾਸ ਪਹੁੰਚਾ ਦੇਂਦਾ ਹੈ ਅਤੇ ਵੈਸਾਖ ਦੇ ਮਹੀਨੇ ਜਦੋਂ ਸੂਰਜ ਮੇਖ਼-ਰਾਸ਼ੀ ਵਿੱਚ ਹੁੰਦਾ ਹੈ, ਸਾਰੇ ਮਸੰਦ ਗੁਰੂ-ਦਰਬਾਰ ਵਿੱਚ ਇਕੱਠੇ ਹੁੰਦੇ ਹਨ । ਉਹਨਾਂ ਦੇ ਮੇਲੀਆਂ ਵਿੱਚੋਂ ਜੇ ਕੋਈ ਜਣਾ ਚਾਹੇ ਤੇ ਜਾਣ ਲਈ ਸਮਰੱਥਾ ਭੀ ਹੋਵੇ, ਮਸੰਦ ਨਾਲ ਗੁਰੂ ਕੇ ਹਜ਼ੂਰ ਹਾਜ਼ਰ ਹੁੰਦਾ ਹੈ । ਵਿਦਾਇਗੀ ਸਮੇਂ ਗੁਰੂ ਜੀ ਹਰ ਮਸੰਦ ਨੂੰ ਦਸਤਾਰ ਬਖ਼ਸ਼ਦੇ ਹਨ ।"

ਇਸ ਵਰਣਨ ਤੋਂ ਸਾਫ਼ ਪਤਾ ਲੱਗਦਾ ਹੈ ਕਿ ਦਸਵੰਧ (ਕਾਰ-ਭੇਟਾ) ਪੰਜਵੇਂ ਪਾਤਸ਼ਾਹ ਦੇ ਸਮੇਂ ਤੋਂ ਹਰ ਸਿੱਖ ਲਈ ਗੁਰੂ ਨਮਿਤ ਦੇਣਾ ਲਾਜ਼ਮੀ ਕਰਾਰ ਦਿੱਤਾ ਗਿਆ ਸੀ । ਇਸ ਬੰਧਾਨ ਦੀਆਂ ਨਿਸ਼ਾਨੀਆਂ ਅਜੇ ਪੁਰਾਣੇ ਸਿੱਖ ਘਰਾਣਿਆਂ ਵਿੱਚ ਮੌਜੂਦ ਹਨ । ਜਦੋਂ ਕੋਈ ਗਊ, ਮੱਝ, ਸਿੱਖ ਦੇ ਘਰ ਸੂੰਦੀ ਹੈ, ਉਸ ਮੌਕੇ ਦੁੱਧ ਚੋਣ ਤੋਂ ਪਹਿਲਾਂ ਇਸ ਭਾਵ ਦਾ ਅਰਦਾਸਾ ਕੀਤਾ ਜਾਂਦਾ ਹੈ—"ਸੱਚੇ ਪਾਤਿਸ਼ਾਹ ! ਇਹ ਵੱਛੀ (ਵੱਛਾ ਜਾਂ ਕੱਟੀ, ਜੋ ਜਨਮਿਆ ਹੋਵੇ) ਤੇਰਾ ਦਸੌਂਦੀ ਹੈ...." ਅਰਦਾਸ ਕਰਕੇ ਉਸ ਨਵੇਂ ਜੰਮੇ ਬੱਚੇ ਦੀ ਕੀਮਤ ਪਵਾਈ ਜਾਂਦੀ ਹੈ ਤੇ ਉਸ ਦਾ ਦਸਵਾਂ ਹਿੱਸਾ ਉਸ ਮੌਕੇ ਨਮਿਤ ਵੱਖਰਾ ਕਰ ਕੇ ਰੱਖ ਦਿੱਤਾ ਜਾਂਦਾ ਹੈ । ਕੋਈ ਗੁਰੂ ਕਿਆਂ (ਸੋਢੀ ਸਾਹਿਬਜ਼ਾਦਿਆਂ) ਨੂੰ ਤੇ ਕੋਈ ਨੇੜੇ ਦੇ ਗੁਰਦੁਆਰੇ ਪਹੁੰਚਾ ਦੇਂਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਪ੍ਰਾਣੀ-ਮਾਤਰ ਦੇ ਭਲੇ ਨਾਲ ਸੰਬੰਧ ਰੱਖਣ ਵਾਲੇ ਅਨੇਕਾਂ ਕੰਮਾਂ ਨੂੰ ਕਰਨ ਦੀ ਸਿੱਖਿਆ ਦਿੰਦੀ ਹੈ । ਉਹ ਕੰਮ ਪਹਿਲਾਂ ਤੋਂ ਚਲੇ ਆ ਰਹੇ ਵੀ ਹੁੰਦੇ ਹਨ ਤੇ ਨਵੇਂ ਵੀ ਹੁੰਦੇ ਹਨ । ਬੰਦੇ ਨੇ ਆਪਣੀ ਅਕਲ ਨੂੰ ਵਰਤਦਿਆਂ ਹੋਇਆਂ ਸਮੇਂ ਦੀਆਂ ਲੋੜਾਂ ਅਨੁਸਾਰ ਆਪ ਸੋਚਣੇ ਹੁੰਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਮੇਰੇ ਜੈਸਾ ਗ਼ਰੀਬ ਬੰਦਾ ਪਹਿਲਾਂ ਚਲੇ ਆ ਰਹੇ ਕੰਮਾਂ ਅਤੇ ਆਪਣੀ ਅਕਲ ਨਾਲ ਸੋਚੇ ਗਏ ਨਵੇਂ ਕੰਮਾਂ ਨੂੰ ਕਰਨ ਤਾਂ ਲੱਗ ਜਾਂਦਾ ਹੈ ਪਰ ਆਪਣੇ ਕੰਮਾਂ ਵਿੱਚ ਸਫਲ ਤਾਂ ਹੀ ਹੋ ਸਕਦਾ ਹੈ ਜੇਕਰ ਹਰ ਬੰਦਾ ਉਸ ਨੂੰ ਮਾਇਆ ਦੀ ਸਹਾਇਤਾ ਦੇਵੇ ।



### ਸ਼ਹੀਦਾਂ ਦੇ ਸਿਰਤਾਜ ਤੇ ਸਿੱਖ ਪੰਥ ਦੇ ਪੰਜਵੇਂ ਗੁਰੂ

# ਸ੍ਰੀ ਗੁਰੂ ਅਰਜਨ ਦੇਵ ਜੀ
# ਤੇ
# ਲਾਹੌਰ ਦਾ ਕਾਲ

ਲਾਹੌਰ ਸ਼ਹਿਰ ਵਿੱਚ ਕਾਲ ਪੈ ਗਿਆ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਲਾਹੌਰ ਦੀ ਹਾਲਤ ਬਹੁਤ ਹੀ ਭਿਆਨਕ ਰੂਪ ਧਾਰਨ ਕਰ ਰਹੀ ਹੈ । ਸਮਕਾਲੀ ਇਤਿਹਾਸਕਾਰ ਨੂਰੁਲ ਹੱਕ ਦੇ ਕਥਨ ਅਨੁਸਾਰ:

**"ਭੁੱਖ ਤੇ ਰੋਗਾਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ । ਉਨ੍ਹਾਂ ਲੋਥਾਂ ਨੂੰ ਸ਼ਹਿਰ ਵਿੱਚੋਂ ਚੁੱਕ ਕੇ ਬਾਹਰ ਦੱਬਣ ਸਾੜਨ ਦਾ ਕੋਈ ਪ੍ਰਬੰਧ ਨਹੀਂ ਸੀ ।"**

ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਸੀ ਕਿ ਸਮੇਂ ਸਿਰ ਅਕਬਰ ਬਾਦਸ਼ਾਹ ਨੂੰ ਦਿੱਲੀ ਸ਼ਹਿਰ ਦੇ ਤਖ਼ਤ ਤੋਂ ਆਪ ਮੌਕੇ ਉੱਤੇ ਆਉਣਾ ਪਿਆ । ਸੰਨ 1599 ਵਿੱਚ ਗੁਰੂ ਅਰਜਨ ਦੇਵ ਜੀ ਵੀ ਲਾਹੌਰ ਪੁੱਜੇ । ਉਸ ਸਮੇਂ ਤਕ ਗੁਰੂ ਜੀ ਪਾਸ ਸੰਗਤਾਂ ਪਾਸੋਂ ਆਈ ਦਸਵੰਧ ਦੀ ਰਕਮ ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚ ਕਾਫ਼ੀ ਜਮ੍ਹਾਂ ਹੋ ਗਈ ਸੀ । ਗੁਰੂ ਅਰਜਨ ਦੇਵ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪਹੁੰਚਾਉਣੀ ਆਰੰਭ ਕੀਤੀ, ਸਦਾ-ਵਰਤ ਲੰਗਰ ਜਾਰੀ ਕਰ ਦਿੱਤੇ । ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨੇ ਮੰਡੀ ਵਿੱਚ ਇਮਾਰਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ । ਡੱਬੀ ਬਜ਼ਾਰ ਵਿੱਚ ਬਾਉਲੀ ਬਣਾਉਣੀ ਆਰੰਭ ਕੀਤੀ ਗਈ । ਇਨ੍ਹਾਂ ਉਸਾਰੀ ਦੇ ਕੰਮਾਂ ਕਾਰਨ ਬੇਰੁਜ਼ਗਾਰਾਂ ਨੂੰ ਕੰਮ ਮਿਲਣੇ ਆਰੰਭ ਹੋ ਗਏ ਤੇ ਸਿਰ ਲੁਕਾਉਣ ਵਾਸਤੇ ਥਾਂ ਵੀ ਬਣ ਗਈ । ਮੁਰਦੇ ਚੁੱਕਣ, ਸਾੜਨ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ । ਲੋਕੀਂ ਵੇਖ ਕੇ ਵਾਹ-ਵਾਹ ਕਰ ਰਹੇ ਸਨ । ਅੱਠ ਮਹੀਨੇ ਆਪ ਲਾਹੌਰ ਹੀ ਰਹੇ ਤੇ ਫਿਰ ਉਸਾਰੀ ਦਾ ਕੰਮ ਸਿੱਖਾਂ ਦੇ ਸਪੁਰਦ ਕਰਕੇ ਪਿੰਡਾਂ ਵਿੱਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਲਈ ਚਲੇ ਗਏ ।

ਤਰਨ-ਤਾਰਨ ਵਿੱਚ ਆਪ ਨੇ ਖ਼ਾਸ ਤੌਰ 'ਤੇ ਕੋਹੜਿਆਂ ਤੇ ਪਿੰਗਲਿਆਂ ਵਾਸਤੇ ਜਗ੍ਹਾ ਦਾ ਪ੍ਰਬੰਧ ਕੀਤਾ, ਉਹਨਾਂ ਦੇ ਰਹਿਣ, ਦਵਾਈ ਆਦਿ ਤੇ ਹੋਰ ਸਾਰੇ ਪ੍ਰਬੰਧ ਕੀਤੇ । ਜਿੰਨੇ ਖੂਹ ਗੁਰੂ ਅਰਜਨ ਦੇਵ ਜੀ ਨੇ ਮਾਝੇ ਵਿੱਚ ਲਗਵਾਏ ਸਨ ਏਨੇ ਕਿਸੇ ਹੋਰ ਵਿਅਕਤੀ ਨੇ ਨਹੀਂ ਲਗਵਾਏ ।

ਆਪ ਨੇ ਰੋਗੀਆਂ ਦੇ ਸਰੀਰਕ ਰੋਗ ਦਵਾਈ ਵੰਡ ਕੇ ਦੂਰ ਕੀਤੇ ।

(ਪੁਸਤਕ—'ਸਾਡਾ ਇਤਿਹਾਸ ਦਸ ਪਾਤਸ਼ਾਹੀਆਂ ਵਿੱਚੋਂ) ।

ਸੰਨ ੧੯੪੭ ਦੀ ਵੰਡ ਤੋਂ ਪਹਿਲਾਂ ਲਾਹੌਰ ਸ਼ਹਿਰ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਸੀ ਜੋ ਹੁਣ ਪੱਛਮੀ ਪੰਜਾਬ ਪਾਕਿਸਤਾਨ ਵਿੱਚ ਰਹਿ ਗਿਆ ਹੈ ।

ਗੁਰੂ ਘਰ ਦੇ ਇਤਿਹਾਸ ਦਾ ਉੱਪਰ ਲਿਖਿਆ ਬਿਰਤਾਂਤ ਅਜਿਹਾ ਹੈ ਜਿਹੜਾ ਗੁਰੂ ਘਰ ਦੀ ਸ਼ੋਭਾ ਮਨੁੱਖੀ ਸੱਭਿਅਤਾ ਦੇ ਆਕਾਸ਼ ਵਿੱਚ ਪਹੁੰਚਾ ਰਿਹਾ ਹੈ । ਮੇਰੀ ਇੱਛਾ ਹੈ ਕਿ ਮੈਂ ਆਪਣੇ ਇਸ਼ਤਿਹਾਰਾਂ, ਕਿਤਾਬਚਿਆਂ ਤੇ ਬੋਰਡਾਂ ਦੁਆਰਾ ਇਸ ਬਿਰਤਾਂਤ ਦਾ ਵੱਧ ਤੋਂ ਵੱਧ ਪ੍ਰਚਾਰ ਦੇਸ਼ ਦੇ ਹਰ ਹਿੱਸੇ ਵਿੱਚ ਕਰਾਂ । ਇਸ ਲਈ ਮੈਂ ਓਨਾ ਹੀ ਸਫਲ ਹੋ ਸਕਦਾ ਹਾਂ ਜਿੰਨੀ ਮਾਇਆ ਗੁਰੂ ਦੀਆਂ ਸੰਗਤਾਂ ਮਨੀ-ਆਰਡਰਾਂ ਦੁਆਰਾ ਪਿੰਗਲਵਾੜੇ ਨੂੰ ਭੇਜਣਗੀਆਂ) । ਹਰ ਤਰ੍ਹਾਂ ਦੇ ਗਿਆਨ ਦੀ ਖੋਜ ਕਰਨਾ, ਪ੍ਰਾਣੀ ਮਾਤਰ ਦਾ ਭਲਾ ਕਰਨ ਵਾਲੀ ਹਰ ਤਰ੍ਹਾਂ ਦੀ ਹੱਥੀਂ ਸੇਵਾ ਕਰਨਾ, ਮੇਰੇ ਜੀਵਨ ਦਾ ਇਕੋ ਇਕ ਮਨੋਰਥ ਹੈ । ਇਹੋ ਕੰਮ ਮੈਂ ਆਪਣੀ 20 ਸਾਲਾਂ ਦੀ ਉਮਰ ਤੋਂ ਆਪਣੀ ਵਰਤਮਾਨ ਕਾਲ ਦੀ 79 ਸਾਲਾਂ ਦੀ ਉਮਰ ਤਕ ਕੀਤਾ ਹੈ । ਜਿਹਨਾਂ ਬੰਦਿਆਂ ਪਾਸ ਮੇਰਾ ਇਹ ਕਿਤਾਬਚਾ ਜਾਵੇਗਾ ਉਹਨਾਂ ਵਿੱਚੋਂ ਕਈਆਂ ਪਾਸ ਹੋਰ ਵੀ ਕਈ ਇਸ਼ਤਿਹਾਰ ਤੇ ਕਿਤਾਬਚੇ ਪੁੱਜ ਚੁੱਕੇ ਹੋਣਗੇ ਜਾਂ ਪੁੱਜਣਗੇ ਜਿਹੜੇ ਗੁਰਮਤਿ ਬਾਰੇ ਹਨ ਅਤੇ ਜਿਨ੍ਹਾਂ ਨੂੰ ਲੜਕੇ, ਲੜਕੀਆਂ ਤੇ ਨੌਜਵਾਨ ਬੜੇ ਚਾਉ ਨਾਲ ਪੜ੍ਹਦੇ ਹਨ । ਗਿਆਨ ਦੀ ਖੋਜ ਦੀ ਨਾ ਹਰ ਇਕ ਬੰਦੇ ਨੂੰ ਰੁਚੀ ਹੁੰਦੀ ਹੈ ਅਤੇ ਨਾ ਹਰ ਇਕ ਨੂੰ ਅਜਿਹਾ ਕਰਨ ਦੀਆਂ ਸਹੂਲਤਾਂ ਤੇ ਸਾਧਨ ਮਿਲ ਸਕਦੇ ਹਨ । ਆਪਣੀ ਚੜ੍ਹਦੀ ਜਵਾਨੀ ਦੀ 20 ਸਾਲ ਦੀ ਉਮਰ ਤੋਂ ਮੈਨੂੰ ਇਹ ਸਭ ਕੁਝ ਰੱਜ ਕੇ ਪ੍ਰਾਪਤ ਹੋਇਆ ਹੈ । ਵਾਹਿਗੁਰੂ ਮਿਹਰ ਕਰੇ ਕਿ ਮੈਨੂੰ ਕਿਤਾਬਚਿਆਂ ਤੇ ਇਸ਼ਤਿਹਾਰਾਂ ਦੀ ਮੁਫ਼ਤ ਵੰਡਾਈ ਲਈ ਲੋੜੀਂਦੀ ਮਾਇਆ ਮਿਲਦੀ ਰਹੇ ।

—ਭਗਤ ਪੂਰਨ ਸਿੰਘ ਜੀ



# ਗੁਰੂ ਅਰਜਨ ਅਤੇ ਕਲਜੁਗ

**ਸਤਨਾਮ ਸਿੰਘ ਐਮ.ਏ.ਐਲ.ਐਲ.ਬੀ.**

ਜਥਾ ਰਾਜਾ ਤਥਾ ਪਰਜਾ, ਕਲਜੁਗ ਦਾ ਰਾਜ ਹੈ; ਸਤਿਗੁਰ ਨਾਨਕ ਦੇਵ ਜੀ ਕਲਜੁਗ ਦੇ ਸਮੇਂ ਅਤੇ ਕਲਜੁਗ ਦੀ ਮਾਰ ਤੋਂ ਲੋਕਾਂ ਨੂੰ ਬਚਾਉਣ ਲਈ ਪਹਿਲਾਂ ਕਲਜੁਗ ਦੇ ਸਮੇਂ ਦੀ ਵਿਆਖਿਆ ਦਰਸਾਉਂਦੇ ਹਨ ਕਿ **'ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ'**, ਕਲਜੁਗ ਦੇ ਸਮੇਂ ਵਿੱਚ ਕੂੜ ਪ੍ਰਧਾਨ ਹੈ । ਇਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪਾਪ, ਨਿੰਦਾ, ਚੁਗਲੀ ਦੇ ਰੂਪ ਵਿੱਚ ਦੁਸ਼ਟ ਅਤੇ ਵਿਕਰਾਲ ਰੂਪ ਧਾਰਦਾ ਹੈ ਅਤੇ ਇਸ ਤੋਂ ਬਚਣ ਦਾ ਸਾਧਨ ਵੀ ਦੱਸਿਆ ਕਿ ਸੱਚ ਦਾ ਮਾਰਗ ਅਪਨਾਣ ਦੀ ਲੋੜ ਹੈ, ਅਕਾਲ ਪੁਰਖ ਪਾਰਬ੍ਰਹਮ ਨਿਰੋਲ ਸੱਚ ਹੈ, ਉਹ ਸਾਰੇ ਬ੍ਰਹਿਮੰਡਾਂ ਦੇ ਜੀਆਂ-ਜੰਤੂਆਂ ਦਾ ਸਿਰਜਣਹਾਰ, ਰਾਜ਼ਕ, ਦਿਆਲੂ, ਕਿਰਪਾਲੂ ਪਿਤਾ ਹੈ । ਕਲਜੁਗ ਜ਼ੁਲਮ ਕਰਦਾ ਹੈ ਅਤੇ ਖ਼ੁਸ਼ ਹੁੰਦਾ ਹੈ; ਜਿਵੇਂ ਸਰਕਾਰਾਂ ਜ਼ੁਲਮ, ਜਬਰ, ਅੱਤਿਆਚਾਰ ਕਰਨ ਵਿੱਚ ਆਪਣਾ ਵਕਾਰ ਸਮਝਦੀਆਂ ਹਨ । ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਦੱਸਿਆ ਕਿ ਕਲਜੁਗ ਦਾ ਸਮਾਂ ਉਹ ਹੈ ਜਿਤਨਾ ਸਮਾਂ ਅਸੀਂ ਅਕਾਲਪੁਰਖ ਦੀ ਯਾਦ ਤੋਂ ਵਿਛੜੇ ਰਹਿੰਦੇ ਹਾਂ, ਕਿ **ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ ॥** ਇਸ ਦਾ ਉਪਾਅ ਇਹ ਕਿ **ਸਾਸਿ ਸਾਸਿ ਸਿਮਰਹੁ ਗੋਬਿੰਦ ॥ ਹਰਿ ਸਿਮਰਨ ਮੇ ਬਸੇ ਨਿਰੰਕਾਰਾ,** ਸਤਿ ਸੰਗਤ ਵਿੱਚ ਪਾਰਬ੍ਰਹਮ ਦੇ ਦਰਸ਼ਨ ਹਨ, ਅੰਮ੍ਰਿਤ ਵੇਲਾ ਦੇਵਤਿਆਂ ਦਾ ਵੇਲਾ ਹੈ, ਅੰਮ੍ਰਿਤ ਵੇਲੇ ਉੱਠ ਕੇ ਉਸ ਸੱਚੇ ਮਾਲਕ, ਪਿਤਾ, ਦਿਆਲੂ, ਕ੍ਰਿਪਾਲੂ, ਬਖ਼ਸ਼ਿੰਦ ਰਾਜ਼ਕ ਦਾ ਸ਼ੁਕਰ ਕਰਨਾ ਹੈ । ਮਨੁੱਖ ਨੂੰ ਜੇ ਕੋਈ ਮਨੁੱਖ ਚੀਜ਼, ਵਸਤ, ਧਨ, ਅਹੁਦਾ, ਰੁਤਬਾ, ਸਨਮਾਨ, ਸਰੋਪਾ ਦੇਂਦਾ ਹੈ ਤਾਂ ਉਹ ਉਸ ਦਾ ਸ਼ੁਕਰਾਨਾ ਕਰਦਾ ਹੈ; ਪਰ ਅਕਾਲਪੁਰਖ ਸਾਨੂੰ ਜੀਵਨ ਦਾਨ, ਵੱਡਮੁੱਲੇ ਸੁਆਸ, ਸੁੰਦਰ ਸਰੀਰ ਹਰ ਤਰ੍ਹਾਂ ਦੀ ਸਹੂਲਤ ਦਿੰਦਾ ਹੈ; ਪਰ ਪਦਾਰਥਾਂ ਤੋਂ ਵੱਧ ਸੁਆਸਾਂ ਤੇ ਜੀਵਨ ਦੀ ਲੋੜ ਹੈ, ਪਰ ਮਨੁੱਖ ਉਸ ਦੀਆਂ ਮਾਮੂਲੀ ਵਸਤਾਂ ਵਿੱਚ ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿੰਦਾ, ਵੈਰ, ਵਿਰੋਧ, ਜ਼ਾਤ ਦੇ ਮਾਮਲਿਆਂ ਵਿੱਚ ਪੈ ਕੇ ਕਾਲਵਾਸ ਹੋ ਰਿਹਾ ਹੈ । ਜਦੋਂ ਕਲਜੁਗ ਆਪਣਾ ਜ਼ੋਰ ਵਿਖਾਂਦਾ ਹੈ ਤਾਂ ਅਕਾਲ-ਪੁਰਖ ਆਪਣੇ ਦੂਤ, ਦੇਵਤੇ, ਪਵਿੱਤਰ ਰੂਹਾਂ ਸਮੇਂ-ਸਮੇਂ ਇਸ ਸੰਸਾਰ ਦੇ ਲੋਕਾਂ ਨੂੰ ਕਲਜੁਗ ਦੀ ਮਾਰ, ਆਵਾਗਵਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਦੱਸਣ ਲਈ ਭੇਜਦਾ ਹੈ । ਉਨ੍ਹਾਂ ਦੇਵਤਿਆਂ, ਪਰਉਪਕਾਰੀਆਂ ਦਾ ਜੀਵਨ ਅਕਾਲਪੁਰਖ ਦੇ ਸ਼ੁਕਰਾਨੇ ਵਾਲਾ, ਸੱਚ, ਨਿਮ੍ਰਤਾ, ਪਿਆਰ,

ਸਾਂਝੀਵਾਲਤਾ ਅਤੇ ਪਰਉਪਕਾਰ ਦਾ ਜੀਵਨ ਹੁੰਦਾ ਹੈ । ਉਨ੍ਹਾਂ ਨੇ ਸਬਰ, ਸੰਜਮ ਵਿੱਚ ਰਹਿ ਕੇ ਕਲਜੁਗ ਦਾ ਜ਼ੁਲਮ ਬਰਦਾਸ਼ਤ ਕਰਨਾ ਹੁੰਦਾ ਹੈ । ਉਹ ਅਕਾਲ-ਪੁਰਖ ਦੇ ਹੁਕਮ ਅਨੁਸਾਰ ਉਸ ਦਾ ਉਪਦੇਸ਼ ਦ੍ਰਿੜ੍ਹ ਕਰਵਾਉਣ ਲਈ ਆਂਦੇ ਹਨ ਅਤੇ ਉਸ ਦੇ ਹੁਕਮ ਵਿੱਚ ਰਹਿਕੇ ਹੁਕਮ ਰਜ਼ਾਈ ਚਲਣਾ, ਹਰ ਹਾਲਤ ਵਿੱਚ ਤੇਰਾ ਭਾਣਾ ਮੀਠਾ ਲਾਗੇ, ਖਿੜ੍ਹੇ ਮੱਥੇ ਸ਼ਹੀਦੀ ਪਰਵਾਨ ਕਰਦੇ ਹਨ । ਗੁਰੂ ਅਰਜਨ ਦੇਵ ਜੀ ਪਾਰਬ੍ਰਹਮ ਦੇ ਵਿਸ਼ੇਸ਼ ਦੂਤ ਇਸ ਸੰਸਾਰ ’ਤੇ ਕਲਜੁਗ ਦੇ ਉਧਾਰ ਲਈ ਬਾਣੀ ਸੰਕਲਨ, ਦਰਬਾਰ ਸਾਹਿਬ, ਸਰੋਵਰ ਮੁਕਤੀ ਦਾ ਦਰ ਦੇ ਕੇ ਚੱਲੇ ਗਏ ਹਨ । ਹਰ ਕੋਈ ਆਗੂ, ਲੀਡਰ, ਪ੍ਰਧਾਨ, ਚੌਧਰੀ ਬਣ ਕੇ ਸਮਾਜ ਨੂੰ ਲੁੱਟਣਾ ਚਾਹੁੰਦਾ ਹੈ । ਯਤੀਮ-ਖਾਨੇ, ਪਿੰਗਲਵਾੜੇ, ਕੋਹੜੀ ਆਸ਼ਰਮ, ਸੜਕਾਂ ’ਤੇ ਪਏ ਗ਼ਰੀਬਾਂ ਦੀ ਸੇਵਾ ਕਰਨ ਦਾ ਸਮਾਂ ਨਹੀਂ ਹੈ । ਕਲਯੁਗ ਦੇ ਸਮੇਂ ਲੋਕਾਂ ਦੀ ਬਿਰਤੀ, ਸੁਰਤ ਹਰ ਵੇਲੇ ਮਾਇਆ ਵਿੱਚ ਲੱਗੀ ਰਹਿੰਦੀ ਹੈ । ਮਾਇਆ ਪਾਪਾਂ, ਝੂਠ, ਕਪਟ, ਸਮਗਲਿੰਗ, ਬਲੈਕ, ਮਿਲਾਵਟਾਂ, ਹੇਰਾ-ਫੇਰੀਆਂ ਕਰਕੇ ਇਕੱਠੀ ਹੁੰਦੀ ਹੈ ਅਤੇ ਕੁਕਰਮਾਂ, ਸਿਨਮਿਆਂ, ਬਦ-ਇਖਲਾਕੀ, ਨਸ਼ਿਆਂ, ਅੱਯਾਸ਼ੀ, ਸ਼ਰਾਬਾਂ, ਵਿਸਕੀਆਂ, ਕਲੱਬਾਂ, ਮੀਟ, ਮੁਰਗਿਆਂ, ਪਾਰਟੀਆਂ ਵਿੱਚ ਨਸ਼ਟ ਹੁੰਦੀ ਹੈ । ਅੱਜ ਦਾ ਮਨੁੱਖ ਆਪਣੀ ਮਾਇਆ ਬੈਂਕਾਂ ਵਿੱਚ ਜਮ੍ਹਾਂ ਕਰਵਾ ਕੇ, ਜਾਇਦਾਦਾਂ ਖ਼ਰੀਦ ਵੇਚ ਆਦਿ ਕੰਮਾਂ-ਕਾਰਾਂ, ਵਪਾਰ ਵਿੱਚ ਲਗਾ ਕੇ ਵਧਾਉਂਦਾ ਹੈ । ਜਿਤਨੀ ਮਾਇਆ ਵੱਧ ਹੁੰਦੀ ਹੈ ਉਤਨੇ ਕਲੇਸ਼ਾਂ, ਝਗੜਿਆਂ, ਮੁਕੱਦਮਿਆਂ, ਵੈਰ-ਵਿਰੋਧਾਂ ਨੂੰ ਜਨਮ ਮਿਲਦਾ ਹੈ । ਗੁਰੂ ਅਰਜਨ ਦੇਵ ਜੀ ਨੇ ਸੱਚੇ ਧਨ ਦਾ, ਨਾਮ ਬਾਣੀ ਦਾ ਸਿਮਰਨ ਕਰਨ ਦਾ ਖ਼ਜ਼ਾਨਾ ਇਕੱਠਾ ਕਰਨ ਲਈ ਕਿਹਾ ਕਿ “**ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ ॥**” (ਅੰ: ੬੮੦) ਸਾਨੂੰ ਅੱਜ ਦੇ ਕਲਜੁਗ ਦੇ ਭਿਆਨਕ ਸਮੇਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਧੁਰ ਕੀ ਬਾਣੀ ਦੀ ਓਟ ਲੈਣੀ ਚਾਹੀਦੀ ਹੈ । ਬਾਣੀ ਤਪਦੇ ਹਿਰਦਿਆਂ ਨੂੰ ਠਾਰ ਸਕਦੀ ਹੈ, ਆਨੰਦ, ਖ਼ੁਸ਼ੀ ਅਤੇ ਮੁਕਤੀ ਪ੍ਰਦਾਨ ਕਰ ਸਕਦੀ ਹੈ । ਅੰਤ ਸਿਮਰਨ ਕਮਾਈ ਨਾਲ ਹੀ ਨਿਬੇੜਾ ਹੋਣਾ ਹੈ । ਜੇ ਆਪਣੀ ਸੁਰਤ ਨੂੰ ਮਾਇਆ, ਕਲਜੁਗ ਵੱਲੋਂ ਹਟਾ ਕੇ ਗੁਰੂ ਦਾ ਸਦਕਾ, ਸਿਮਰਨ ਕਮਾਈ ਵੱਲ ਲਗਾਇਆ ਜਾਵੇ ਤਾਂ ਉਸੇ ਮਾਲਕ ਦੇ ਹੁਕਮ ਦੀ ਪਛਾਣ ਹੋ ਜਾਂਦੀ ਹੈ, ਹੁਕਮ ਨੂੰ ਮੰਨਣ ਨਾਲ ਹੀ ਸੁੱਖ ਅਤੇ ਸੱਚੀ ਸ਼ਾਂਤੀ ਹੈ । **ਨਾਓਂ ਲਈਏ ਨਰਕ ਨਾ ਜਾਈਏ ।**



# ਸ਼ਰਧਾਂਜਲੀ ਪੰਜਵੇਂ ਪਾਤਸ਼ਾਹ ਨੂੰ

**ਸ. ਹਰਵਿੰਦਰ ਸਿੰਘ ਕੁੱਕੂ ਬਠਿੰਡਾ**

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਇਆ ਜਾ ਰਿਹਾ ਹੈ । ਮੇਰੇ ਖ਼ਿਆਲ ਇਸ ਮੌਕੇ ’ਤੇ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨ ਦਾ ਸਹੀ ਢੰਗ ਇਹੋ ਹੈ ਕਿ ਅਸੀਂ ਉਨ੍ਹਾਂ ਦੀ ਪਵਿੱਤਰ ਸਿੱਖਿਆ ਅਨੁਸਾਰ ਚੱਲੀਏ ।

ਅਸੀਂ ਪਿਛਲੇਰੇ ਮਹੀਨਿਆਂ ਵਿੱਚ ਹੀ ਸ੍ਰੀ ਅੰਮ੍ਰਿਤਸਰ ਦਾ 400 ਸਾਲਾ ਸਥਾਪਨਾ ਦਿਵਸ ਮਨਾਇਆ ਹੈ । ਇਸ ਨਗਰੀ ਵਿੱਚ ਸੁਸ਼ੋਭਿਤ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਹਿਬਾਂ ਨੇ ਇਕ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਪਾਸੋਂ ਰੱਖਵਾ ਕੇ ਜਾਤ-ਪਾਤ ਤੋਂ ਉੱਚਾ ਉੱਠਣ ਦਾ ਉਪਦੇਸ਼ ਦਿੱਤਾ । ਅਸਲ ਵਿੱਚ ਮਨੁੱਖ ਹੁੰਦਾ ਹੀ ਉਹ ਹੈ ਜੋ ਦੂਸਰੇ ਨੂੰ ਵੀ ਆਪਣੇ ਜਿਹਾ ਹੀ ਸਮਝੇ । ਊਚ-ਨੀਚ, ਜਾਤ-ਪਾਤ, ਉਸ ਦੇ ਦਿਲ ਵਿੱਚੋਂ ਬਿਲਕੁਲ ਖ਼ਤਮ ਹੋ ਚੁੱਕੀ ਹੁੰਦੀ ਹੈ; ਜਿਸ ਦਾ ਸਬੂਤ ਗੁਰੂ ਸਾਹਿਬ ਦੀ ਬਾਣੀ ਵਿੱਚੋਂ ਇੰਵ ਮਿਲਦਾ ਹੈ :-

**“ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥”** (ਅੰਗ ੨੭੨)

ਕਿਸੇ ਕਵੀ ਨੇ ਵੀ ਆਪਣਾ-ਪਰਾਇਆ ਦੇ ਸੰਬੰਧ ਵਿੱਚ ਲਿਖਿਆ ਹੈ :

**Mine or alien ? gone is this thought ? Imagination carries me to different heights.**

**ਖਵੇਸੋ ਅਗਯਾਰ ਕਾ ਖ਼ਿਆਲ ਨਹੀਂ,**
**ਲੇ ਉੜਾ ਦਿਲ ਕੋ ਅਬ ਖ਼ਿਆਲ ਕਹਾਂ ?**

ਜਦ ਲਾਹੌਰ ਵਿੱਚ ਕਾਲ ਪੈ ਗਿਆ ਤਾਂ ਗੁਰੂ ਜੀ ਨੇ ਦਰਬਾਰ ਸਾਹਿਬ ਦੇ ਖ਼ਜ਼ਾਨੇ ਨੂੰ ਗ਼ਰੀਬਾਂ, ਲੋੜਵੰਦਾਂ ਤੇ ਬੇਰੁਜ਼ਗਾਰਾਂ ਦੀ ਸਹਾਇਤਾ ਲਈ ਖ਼ਰਚ ਕਰ ਦਿੱਤਾ । ਉੱਥੇ ਉਨ੍ਹਾਂ ਕੋਈ ਮੁਸਲਮਾਨ ਨਹੀਂ ਦੇਖਿਆ, ਕੋਈ ਹਿੰਦੂ ਨਹੀਂ ਦੇਖਿਆ, ਜੇ ਦੇਖਿਆ ਤਾਂ ਕੇਵਲ ਲੋੜਵੰਦ, ਭਾਵੇਂ ਉਹ ਕੋਈ ਵੀ ਸੀ ।

ਕਹਿਣ ਤੋਂ ਭਾਵ, ਉਸ ਵੇਲੇ ਇਕੱਲੇ ਲਾਹੌਰ ਸ਼ਹਿਰ ਵਿੱਚ ਕਾਲ ਪੈ ਗਿਆ ਸੀ, ਅੱਜ ਇਸ ਦੀ ਜਕੜ ਵਿੱਚ ਸਾਰਾ ਹਿੰਦੁਸਤਾਨ ਆ ਰਿਹਾ ਹੈ । ਹਰ ਜਗ੍ਹਾ ਗ਼ਰੀਬੀ, ਬਿਮਾਰੀ, ਅਨਪੜ੍ਹਤਾ ਤੇ ਬੇਰੁਜ਼ਗਾਰੀ ਦਾ ਬੋਲ ਬਾਲਾ ਹੈ । ਅਸੀਂ ਇਨ੍ਹਾਂ ਮੁਸ਼ਕਲਾਂ ਦਾ ਟਾਕਰਾ ਕਰ ਸਕਣ ਦੀ ਸਮਰੱਥਾ ਰੱਖਦੇ ਹੋਏ ਵੀ ਇਨ੍ਹਾਂ ਅੱਗੇ ਸਿਰ ਲੁਕਾਈ ਬੈਠੇ ਹਾਂ । ਇਨ੍ਹਾਂ ਦਾ ਮੁਕਾਬਲਾ ਕਰਨਾ ਤਾਂ ਇਕ

ਪਾਸੇ ਰਿਹਾ, ਬਲਕਿ ਇਨ੍ਹਾਂ ਵਿੱਚ ਵਾਧਾ ਕਰਨ ਲਈ ਅਸੀਂ ਹੋਰ ਵਧੇਰੇ ਜ਼ੋਰ ਲਾ ਰਹੇ ਹਾਂ। ਕੀ ਸਾਨੂੰ ਨਹੀਂ ਪਤਾ ਕਿ ਟੈਰੀਕਾਟ, ਪੋਲਿਸਟਰ ਜਾਂ ਦੂਜੇ ਮੋਮੀ ਕੱਪੜੇ ਵਰਤਣ ਨਾਲ ਪਿੰਡਾਂ ਦੇ ਗ਼ਰੀਬ ਜੁਲਾਹਿਆਂ ਦਾ ਕੀ ਬਣੇਗਾ ? ਕਿਸੇ ਨੂੰ ਭੁੱਖੇ ਮਾਰ ਕੇ ਆਪਣੇ ਫ਼ੈਸ਼ਨ ਵਧਾਈ ਜਾਣੇ ਕਿੱਥੋਂ ਦੀ ਅਕਲਮੰਦੀ ਹੈ ?

ਸੋ ਜੇਕਰ ਅਸੀਂ ਗੁਰੂ ਸਾਹਿਬ ਦੇ ਨਕਸ਼ੇ-ਕਦਮ 'ਤੇ ਚੱਲਣਾ ਲੋੜਦੇ ਹਾਂ ਤਾਂ ਘੱਟੋ ਘੱਟ ਇਹ ਪ੍ਰਣ ਤਾਂ ਜ਼ਰੂਰ ਕਰੀਏ ਕਿ ਇਸ ਨਵੀਂ ਬਲਾਅ-ਟੈਰੀਕਾਟ, ਜਾਂ ਪੋਲਿਸਟਰ, ਜੋ ਗ਼ਰੀਬ, ਜੇਬ ਤੇ ਸਿਹਤ ਦਾ ਸੱਤਿਆਨਾਸ ਕਰਦੀ ਹੈ, ਨੂੰ ਤਿਲਾਂਜਲੀ ਦੇ ਕੇ ਪਿੰਡਾਂ ਨੂੰ ਵੱਸਦੇ ਰਹਿਣ ਦੇਈਏ। ਨਹੀਂ ਤਾਂ ਵਿਚਾਰੇ ਪਿੰਡਾਂ ਦੇ ਲੋਕ ਵੀ ਵਿਹਲੇ ਹੋ ਕੇ ਰੁਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ, ਵੱਲ ਆਉਣਗੇ ਤੇ ਸ਼ਹਿਰਾਂ ਵਿੱਚ ਕਾਰਖ਼ਾਨਿਆਂ, ਬੱਸਾਂ, ਮੋਟਰਾਂ ਨੇ ਜੋ ਹਵਾ ਵਿੱਚ ਜ਼ਹਿਰੀਲੀਆਂ ਗੈਸਾਂ ਭਰ ਦਿੱਤੀਆਂ ਹਨ, ਇਸ ਗੰਦੀ ਹਵਾ ਵਿੱਚ ਹੀ ਵਿਚਾਰੇ ਉਹ ਪੇਂਡੂ ਗ਼ਰੀਬ ਭਰਾ ਫਿਰੀ ਜਾਣਗੇ ਤੇ ਨਵੀਆਂ ਬਿਮਾਰੀਆਂ ਦੇ ਵੱਸ ਪੈ ਜਾਣਗੇ। ਇਹ ਹੁਣ ਅਸੀਂ ਸੋਚਣਾ ਹੈ ਕਿ ਜੇਕਰ ਜ਼ੁਲਮ ਵਿਰੁੱਧ ਗੁਰੂ ਮਹਾਰਾਜ ਆਪਣੇ ਸਰੀਰ ਦੀ ਕੁਰਬਾਨੀ ਕਰ ਸਕਦੇ ਸਨ ਤਾਂ ਕੀ ਲੱਖਾਂ ਗ਼ਰੀਬਾਂ ਖ਼ਾਤਰ ਅਸੀਂ ਆਪਣੇ ਬੇਲੋੜੇ ਫ਼ੈਸ਼ਨ ਨੂੰ ਨਹੀਂ ਛੱਡ ਸਕਦੇ।

•⁂••⁂•



# ਗੁਰੂ ਅਰਜਨ ਦੇਵ ਜੀ ਦਾ ਸਿਮਰਨ ਸਿਧਾਂਤ

## (ਪ੍ਰਿੰ: ਕੁਲਦੀਪ ਸਿੰਘ ਹਉਰਾ)

ਜਦੋਂ ੧੫੮੧ ਈ: ਵਿੱਚ ਗੁਰੂ ਰਾਮਦਾਸ ਜੀ ਨੇ ਆਪਣੇ ਦੋਹਾਂ ਵੱਡੇ ਪੁੱਤਰਾਂ ਵਿੱਚੋਂ ਇਕ ਨੂੰ ਮਾਇਆਵਾਦੀ ਤੇ ਦੂਸਰੇ ਨੂੰ ਤਿਆਗਵਾਦੀ ਸੁਭਾਅ ਦੇ ਵੇਖ ਕੇ, ਸਭ ਤੋਂ ਛੋਟੇ ਸ੍ਰੀ ਅਰਜਨ ਦੇਵ ਜੀ ਨੂੰ ਗੁਰਿਆਈ ਦਿੱਤੀ ਤਾਂ ਉਨ੍ਹਾਂ ਨੇ ਅਵੱਸ ਇਹ ਵੇਖ ਲਿਆ ਸੀ ਕਿ ਉਸ ਸਮੇਂ ਸਿੱਖੀ ਦੀ ਲਹਿਰ ਨੂੰ ਅੱਗੇ ਤੋਰਨ ਲਈ ਉਹਨਾਂ ਤੋਂ ਚੰਗੇਰਾ ਹੋਰ ਕੋਈ ਵਿਅਕਤੀ ਨਹੀਂ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਹਿਣ-ਸ਼ੀਲਤਾ ਤੇ ਮਿੱਠਾ ਸੁਭਾਅ ਅਤੇ ਕੁਰਬਾਨੀ ਉਹ ਮਹਾਨ ਗੁਣ ਸਨ ਜਿਹਨਾਂ ਸਦਕਾ ਉਹ ਸਿੱਖੀ ਨੂੰ ਬਹੁਤ ਅਗਾਂਹ ਲੈ ਗਏ।

ਉਹਨਾਂ ਨੇ ਜਿੱਥੇ ਧਰਮ ਅਸਥਾਨ 'ਤੇ ਨਵੇਂ ਨਗਰ ਆਬਾਦ ਕੀਤੇ ਉੱਥੇ ਅਨਾਥਾਂ ਲਈ ਹਸਪਤਾਲ ਤੇ ਸਰੋਵਰ ਆਦਿ ਆਮ ਜਨਤਾ ਦੀ ਭਲਾਈ ਲਈ ਬਣਵਾਏ।

ਉਹਨਾਂ ਨੇ ਕਮਾਲ ਦੀ ਸੂਝ ਨਾਲ ਪੱਖ-ਪਾਤ ਤੋਂ ਬਹੁਤ ਉੱਚਾ ਉੱਠ ਕੇ ਹਰੀਮੰਦਰ ਦੀ ਨੀਂਹ ਇਕ ਮੁਸਲਮਾਨ ਫ਼ਕੀਰ ਮੀਆਂ ਮੀਰ ਦੇ ਹੱਥੋਂ ਰੱਖਵਾਈ। ਉਹਨਾਂ ਨੇ ਸਾਹਿਤਕ ਖੇਤਰ ਵਿੱਚ ਇਕ ਵੱਡਾ ਕਮਾਲ ਕਰ ਵਿਖਾਇਆ ਜਦੋਂ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਆਪਣੀ ਰਚਨਾ ਤੇ ਹਿੰਦੁਸਤਾਨ ਭਰ ਦੇ ਸੁਧਾਰਕ ਮਹਾਂਪੁਰਸ਼ਾਂ ਦੇ ਵਿਚਾਰ ਇਕੱਠੇ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਦਿੱਤੀ। ਇਹ ਗ੍ਰੰਥ ਜਿੱਥੇ ਭਾਰਤ ਵਿੱਚ ਚੱਲ ਰਹੀ ਭਗਤੀ ਲਹਿਰ ਦਾ ਨਿਚੋੜ ਸੀ। ਉੱਥੇ ਭਾਵਾਤਮਕ ਏਕਤਾ ਦਾ ਇਕ ਅਮੁੱਲ ਖ਼ਜ਼ਾਨਾ ਸੀ। ਇਸ ਧਾਰਮਿਕ ਪੁਸਤਕ ਦੀ ਵਿਸ਼ੇਸ਼ਤਾ ਇਸ ਵਿੱਚ ਦੱਸੀ ਜੀਵਨ ਜਾਚ ਡੂੰਘੀ ਫ਼ਿਲਾਸਫ਼ੀ ਸਾਹਿਤਕ ਉੱਚਤਾ ਤੇ ਗੰਭੀਰ ਸੂਝ ਕਰਕੇ ਬਹੁਤ ਮਹਾਨ ਹੈ।

ਆਪ ਦੇ ਅੰਦਰ ਸੇਵਾ ਭਾਵ ਕੁਟ ਕੁਟ ਕੇ ਭਰਿਆ ਹੋਇਆ ਸੀ। ਸਿੱਖ-ਸੰਗਤਾਂ ਦੀ ਸੇਵਾ ਕਰਨ ਵਿੱਚ ਆਪਣਾ ਸੁਭਾਗ ਸਮਝਦੇ ਸਨ ਤੇ ਹਰ ਪ੍ਰਕਾਰ ਦੀ ਸੇਵਾ ਹੱਥੀਂ ਕਰਕੇ ਪ੍ਰਸੰਨ ਹੁੰਦੇ ਸਨ। ਆਪ ਨੇ ਆਦਰਸ਼ ਦੀ ਪੂਰਤੀ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਕੁਰਬਾਨੀ ਦੀ ਲਾਸਾਨੀ ਮਿਸਾਲ ਪੈਦਾ ਕਰ ਦਿੱਤੀ।

ਆਪ ਜੀ ਨੇ ਲਗਭਗ ਗੁਰੂ ਗ੍ਰੰਥ ਸਾਹਿਬ ਵਿਚਲੀ ਸਮੁੱਚੀ ਬਾਣੀ ਦਾ ਅੱਧਾ ਭਾਗ ਆਪ ਉਚਾਰਣ ਕੀਤਾ । ਉਹਨਾਂ ਦੀ ਬਾਣੀ ਦੀ ਵਿਆਖਿਆ ਕਰਨ ਲਈ ਬਹੁਤ ਵੱਡੇ ਆਕਾਰ ਦੇ ਲੇਖ ਦੀ ਲੋੜ ਹੈ । ਇਸ ਲੇਖ ਰਾਹੀਂ ਸਿਰਫ਼ 'ਸਿਮਰਨ' ਸੰਬੰਧੀ ਸਤਿਗੁਰੂ ਜੀ ਦੀ ਆਪਣੀ ਰਚਨਾ ਵਿੱਚ ਦਿੱਤੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਨ ਦਾ ਯਤਨ ਕੀਤਾ ਗਿਆ ਹੈ ।

ਸਤਿਗੁਰੂ ਜੀ ਫੁਰਮਾਂਦੇ ਹਨ: ਸੱਚ ਦਾ ਸਿਮਰਨ ਕਰਨ ਵਾਲੇ ਨੂੰ ਕੋਈ ਦੁਖ ਭੁਖ ਨਹੀਂ ਵਿਆਪਦੀ ਤੇ ਨਾ ਹੀ ਘਾਟਾ ਪੈਂਦਾ ਹੈ ।

**ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ ॥**
**ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥**

**(ਸਿਰੀ ਰਾਗ, ਮਹਲਾ ੫) (ਅੰਗ ੪੩)**

ਜਦੋਂ ਸਭੇ ਓਟਾਂ ਤੇ ਆਸਰੇ ਮੁੱਕ ਜਾਣ, ਸੰਬੰਧੀ ਵੀ ਸਹਾਇਤਾ ਨਾ ਕਰਨ ਤਾਂ ਉਸ ਪਾਰਬ੍ਰਹਮ ਦਾ ਸਿਮਰਨ ਕਰਨ ਨਾਲ ਸਭ ਔਕੜਾਂ ਮੁਸ਼ਕਲਾਂ ਦੂਰ ਹੋ ਜਾਂਦੀਆਂ ਹਨ :-

**'ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥**
**ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥**

**(ਸ੍ਰੀ ਰਾਗ ਮਹਲਾ ੫ ਅਸਟਪਦੀ) (ਅੰਗ ੭੦)**

ਸਰੀਰਕ ਜਾਂ ਮਾਨਸਿਕ ਕਸ਼ਟ ਹੋਵੇ, ਥਾਂ ਥਾਂ 'ਤੇ ਭਟਕਦਾ ਫਿਰੇ, ਪ੍ਰੰਤੂ ਉਸ ਪਾਰਬ੍ਰਹਮ ਦੇ ਸਿਮਰਨ ਤੋਂ ਬਿਨਾਂ ਮਨ ਸੀਤਲ ਨਹੀਂ ਹੁੰਦਾ :-

**ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥**
**ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥**
**ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥**

**(ਅੰਗ ੭੦)**

ਮਨੁੱਖ ਭਾਵੇਂ ਕਿਤਨਾ ਧਨੀ ਹੋਵੇ ਤੇ ਉਸ ਪਾਸ ਰੰਗ ਤਮਾਸ਼ੇ ਤੇ ਮਨਪ੍ਰਚਾਵੇ ਦੇ ਕਿਤਨੇ ਹੀ ਸਾਧਨ ਹੋਣ, ਪ੍ਰੰਤੂ ਜੇ ਉਹ ਪ੍ਰਭੂ ਸਿਮਰਨ ਤੋਂ ਖ਼ਾਲੀ ਹੈ ਤਾਂ ਉਹ ਸੱਪ ਦੀ ਜੂਨ ਵਿੱਚ ਪਵੇਗਾ । ਸਤਿਗੁਰੂ ਫ਼ੁਰਮਾਉਂਦੇ ਹਨ :-

**ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥**
**ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥**



**ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥**
**ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥**

**(ਅੰਗ ੭੦)**

ਸਤਿਗੁਰੂ ਉਪਦੇਸ਼ ਦਿੰਦੇ ਹਨ ਕਿ ਉਸ ਸੱਚੇ ਸੁਆਮੀ, ਸਭ ਨੂੰ ਰਿਜਕ ਦੇਣ ਵਾਲੇ ਨੂੰ ਸਿਮਰੋ । ਉਸਦੇ ਸਿਮਰਨ ਨਾਲ ਸਭ ਭਉ ਦੂਰ ਹੁੰਦੇ ਹਨ ਤੇ ਸਭ ਕਾਰਜ ਸਫਲੇ ਹੁੰਦੇ ਹਨ :-

**'ਸਿਮਰਿ ਸਾਹਿਬੁ ਸੋ ਸਚੁ ਸੁਆਮੀ**
**ਰਿਜਕੁ ਸਭਸੁ ਕਉ ਦੀਏ ਜੀਉ ॥੨॥**
**ਨਾਮ ਜਪਤ ਸਰਬ ਸੁਖੁ ਪਾਈਐ ॥**
**ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥**
**ਜਿਨਿ ਸੇਵਿਆ ਸੋ ਪਾਰ ਗਿਰਾਮੀ**
**ਕਾਰਜ ਸਗਲੇ ਥੀਏ ਜੀਉ ॥**

**(ਮਾਝ ਮਹਲਾ ੫) (ਅੰਗ ੧੦੪)**

ਐਸੇ ਹਰੀ ਨੂੰ ਕਦੇ ਦਿਲੋਂ ਨਾ ਭੁਲਾਉ ਜੋ ਇੱਥੇ ਉੱਥੇ ਸੁਖ ਦੇਣ ਵਾਲਾ ਤੇ ਵੱਡੇ ਤੋਂ ਵੱਡਾ ਕਸ਼ਟ ਛਿੰਨ ਭਰ ਵਿੱਚ ਕਟ ਦੇਣ ਵਾਲਾ ਹੈ । ਅਜਿਹੇ ਪ੍ਰਭੂ ਦੀ ਸ਼ਰਨ ਲਿਆਂ ਤੇ ਸਿਮਰਨ ਕੀਤਿਆਂ ਹਰ ਪ੍ਰਕਾਰ ਦੀ ਔਖਿਆਈ ਦੂਰ ਹੁੰਦੀ ਹੈ ਤੇ ਸੁਖ ਪ੍ਰਾਪਤ ਹੁੰਦਾ ਹੈ—

**ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥**
**ਈਹਾ ਊਹਾ ਸਰਬ ਸੁਖਦਾਤਾ**
**ਸਗਲ ਘਟਾ ਪ੍ਰਤਿਪਾਰੇ ॥੧॥ਰਹਾਉ॥**
**ਮਹਾ ਕਸਟ ਕਾਟੈ ਖਿਨ ਭੀਤਰਿ**
**ਰਸਨਾ ਨਾਮੁ ਚਿਤਾਰੇ ॥**
**ਸੀਤਲ ਸਾਂਤਿ ਸੁਖ ਹਰਿ ਸਰਣੀ**
**ਜਲਤੀ ਅਗਨਿ ਨਿਵਾਰੇ ॥**

**(ਗਉੜੀ ਮਹਲਾ ੫) (ਅੰਗ ੨੧੦)**

ਸਿਮਰਨ ਤੋਂ ਬਿਨਾਂ ਮਨੁੱਖ ਸਾਕਤ ਹੈ, ਉਹ ਸਰਪ ਦੀ ਜੂਨ ਵਿੱਚ ਪੈਂਦਾ ਹੈ । ਬਿਸਟਾ ਫੋਲਣ ਵਾਲਾ ਕਾਂ ਹੈ, ਗਧਾ ਹੈ, ਕੁੱਤਾ ਹੈ ਤੇ ਆਤਮ ਘਾਤੀ ਹੈ । ਗੁਰੂ ਸਾਹਿਬ ਗਉੜੀ ਮਹਲਾ ੫ ਵਿੱਚ ਇਸ ਤਰ੍ਹਾਂ ਕਹਿੰਦੇ ਹਨ :-

**ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥**
**ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥**

**ਏਕ ਨਿਮਖ ਜੋ ਸਿਮਰਨ ਮਹਿ ਜੀਆ ॥**
**ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ਰਹਾਉ॥**
**ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥**
**ਕਾਗ ਬਤਨ ਬਿਸਟਾ ਮਹਿ ਵਾਸ ॥੨॥**
**ਬਿਨੁ ਸਿਮਰਨ ਭਏ ਕੂਕਰ ਕਾਮ ॥**
**ਸਾਕਤ ਬੇਸੁਆ ਪੂਤ ਨਿਨਾਮ ॥੩॥**
**ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥**
**ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥੪॥**
**ਬਿਨੁ ਸਿਮਰਨ ਗਰਧਭ ਕੀ ਨਿਆਈ ॥**
**ਸਾਕਤ ਥਾਨ ਭਰਿਸਟ ਫਿਰਾਹੀ ॥੫॥**
**ਬਿਨੁ ਸਿਮਰਨ ਕੂਕਰ ਹਰਕਾਇਆ ॥**
**ਸਾਕਤ ਲੋਭੀ ਬੰਧੁ ਨ ਪਾਇਆ ॥੬॥**
**ਬਿਨੁ ਸਿਮਰਨ ਹੈ ਆਤਮਘਾਤੀ ॥**
**ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥** (ਅੰਗ ੨੩੯)

ਇਸ ਦੇ ਉਲਟ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਪ੍ਰਭੂ ਸਿਮਰਨ ਕਰਨ ਨਾਲ ਮਨੁੱਖ ਜੂਨਾਂ ਤੋਂ ਬਚਿਆ ਰਹਿੰਦਾ ਹੈ ਤੇ ਜਮਾਂ ਦੇ ਦੁੱਖਾਂ ਤੋਂ ਸਿਮਰਨ ਹੀ ਉਸ ਨੂੰ ਬਚਾ ਸਕਦਾ ਹੈ । ਪ੍ਰਭੂ ਦੇ ਸਿਮਰਨ ਤੋਂ ਮਨੁੱਖ ਦੁਸ਼ਮਣ, ਔਕੜ ਭਉ ਤੇ ਮੌਤ ਤੋਂ ਨਹੀਂ ਡਰਦਾ ਤੇ ਇਹ ਮੁਸੀਬਤਾਂ ਉਸ ਨੂੰ ਪੋਹ ਨਹੀਂ ਸਕਦੀਆਂ ।

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥**
**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥**
**ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥**
**ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥**
**ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥**
**ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥**
**ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥**
**ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥** (ਅੰ:੨੬੨)

ਪ੍ਰਭ ਸਿਮਰਨ ਨਾਲ ਮਨ ਵਿੱਚੋਂ ਦ੍ਵੈਤ ਭਾਵ ਦੂਰ ਹੋ ਜਾਂਦਾ ਹੈ :-

**ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥**

ਪ੍ਰਭ ਦਾ ਸਿਮਰਨ ਕਰਨ ਵਾਲਿਆਂ ਦਾ ਦਰਜਾ ਉੱਤਮ ਤੋਂ ਉੱਤਮ



ਹੈ । ਉਹ ਧਨਵੰਤ, ਪਤਿਵੰਤੁ, ਬੇ-ਮੁਹਤਾਜੇ ਤੇ ਸਰਬ ਕੇ ਰਾਜੇ ਹਨ, ਉਹ ਸਦਾ ਸੁਖਦਾਈ ਜੀਵਨ ਬਤੀਤ ਕਰਦੇ ਤੇ ਮੁਕਤੀ ਪ੍ਰਾਪਤ ਕਰਦੇ ਹਨ :-

**ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥**
**ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥**
**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥**
**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥**
**ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥**
**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥**
**ਪ੍ਰਭ ਕਉ ਸਿਮਰਿਹ ਸੇ ਸੁਖ ਵਾਸੀ ॥**
**ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥**
**(ਗਉੜੀ ਸੁਖਮਨੀ ਮਹਲਾ ੫) (ਅੰਗ ੨੬੩)**

ਜਿਨ੍ਹਾਂ ਨੇ ਉਸ ਭਗਵੰਤ ਦਾ ਸਿਮਰਨ ਕੀਤਾ ਉਹ ਗਿਆਨਵਾਨ, ਧਨਵੰਤ, ਸੂਰਮੇ, ਕੁਲਵੰਤ ਹਨ । ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਉਸ ਸੱਚੇ ਦਾ ਸਿਮਰਨ ਕੀਤਾ ਉਹ ਤਰ ਗਏ । ਅਜਿਹੇ ਲੋਕਾਂ ਦੀ ਚਰਨਧੂੜ ਪ੍ਰਾਪਤ ਕਰਨੀ ਬਹੁਤ ਲਾਹੇਵੰਦੀ ਹੈ ।

**ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥**
**ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥**
**ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲੁ ॥**
**ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕੁ ਤਿਸਹਿ ਰਵਾਲ ॥**
**(ਗਉੜੀ ਥਿਤੀ ਮਹਲਾ ੫) (ਅੰਗ ੩੦੦)**

ਸਤਿਗੁਰੂ ਨੇ ਪ੍ਰਭੂ ਸਿਮਰਨ ਲਈ ਕੋਈ ਖ਼ਾਸ ਸਮਾਂ, ਅਸਥਾਨ, ਸਥਿਤੀ ਮੁਕੱਰਰ ਨਹੀਂ ਕੀਤੀ; ਸਗੋਂ ਫ਼ੁਰਮਾਉਂਦੇ ਹਨ ਕਿ ਉੱਠਦਿਆਂ ਬਹਿੰਦਿਆਂ, ਰਾਹ ਖਹਿੜੇ ਚੱਲਦਿਆਂ ਉਸ ਦਾ ਸਿਮਰਨ ਕਰੋ ਅਤੇ ਕੰਨਾਂ ਨਾਲ ਉਸ ਦਾ ਨਾਮ ਸੁਣੋ, ਤਾਂ ਕਿ ਤੁਹਾਡੇ ਸਾਰੇ ਕਸ਼ਟ ਨਿਵਿਰਤ ਹੋ ਜਾਣ :-

**ਊਠਤ ਬੈਠਤ ਸੋਵਤ ਧਿਆਈਐ ॥**
**ਮਾਰਗਿ ਚਲਤ ਹਰੇ ਹਰਿ ਗਾਈਐ ॥੧॥**
**ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥**
**ਜਾਸੁ ਸੁਨੀ ਮਨਿ ਹੋਇ ਅਨੰਦਾ**
**ਦੂਖ ਰੋਗ ਮਨ ਸਗਲੇ ਲਥਾ ॥੧॥**
**(ਆਸਾ ਮਹਲਾ ੫) (ਅੰਗ ੩੮੬)**

ਰਜ਼ਾ ਵਿੱਚ ਰਾਜ਼ੀ ਰਹਿਣ ਵਾਲੇ ਤੇ ਭਾਣਾ ਮੰਨਣ ਵਾਲੇ ਸਤਿਗੁਰੂ ਉਹਨਾਂ ਰਾਜ ਮਹਲਾਂ ਨਾਲੋਂ ਜਿਨ੍ਹਾਂ ਵਿੱਚ ਰਹਿਣ ਕਰਕੇ ਹਰੀ ਵਿਸਰ ਜਾਵੇ, ਉਹ ਝੌਂਪੜੀ ਚੰਗੀ ਖ਼ਿਆਲ ਕਰਦੇ ਹਨ, ਜਿੱਥੇ ਪ੍ਰਭੂ ਗੁਣ ਗਾਇਣ ਕੀਤਾ ਜਾਵੇ :-

**ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥**
**ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥**

**(ਸੂਹੀ ਮਹਲਾ ੫) (ਅੰਗ ੭੪੫)**

ਸਤਿਗੁਰੂ ਫ਼ੁਰਮਾਉਂਦੇ ਹਨ : ਉਹ ਹੀ ਭਾਗਵਾਨ ਹੈ ਜਿਸਦਾ ਨਾਮ ਨਾਲ ਪਿਆਰ ਹੈ । ਜੋ ਉਸ ਇਕ ਨੂੰ ਸਿਮਰਦਾ ਹੈ ਉਹ ਹੀ ਗਿਆਨੀ ਹੈ । ਜਿਸ ਦੀ ਨਾਮ ਸਿਮਰਨ ਕਰਕੇ ਬੁੱਧੀ ਸਵੱਛ ਹੈ, ਉਹ ਹੀ ਧਨੀ ਹੈ । ਜੋ ਸੁਆਮੀ ਦਾ ਸਿਮਰਨ ਕਰਦਾ ਹੈ, ਉਹ ਕੁਲੀਨ ਤੇ ਪਤਵੰਤਾ ਹੈ :-

**ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥**
**ਤਿਸ ਕੈ ਸੰਗਿ ਤਰੈ ਸੰਸਾਰੁ ॥੧॥ਰਹਾਉ॥**
**ਸੋਈ ਗਿਆਨੀ ਜਿ ਸਿਮਰੈ ਏਕ ॥**
**ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥**
**ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥**
**ਸੋ ਪਤਿਵੰਤਾ ਜੇ ਆਪੁ ਪਛਾਨੀ ॥**

**(ਭੈਰਉ ਮਹਲਾ ੫) (ਅੰਗ ੧੧੫੦)**



# ਜਪਿਉ ਜਿਨ ਅਰਜੁਨ ਦੇਵ ਗੁਰੂ

**—ਕੰਵਲਜੀਤ ਕੌਰ 'ਢਿੱਲੋਂ'**

ਸਿੱਖ ਇਤਿਹਾਸ ਗੁਰੂ ਸਾਹਿਬਾਨ, ਯੋਧਿਆਂ, ਸੂਰਬੀਰਾਂ ਦੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਇਹ ਸ਼ਹਾਦਤਾਂ ਕਦੀ ਧਰਮ ਦੀ ਰੱਖਿਆ ਲਈ ਦਿੱਤੀਆਂ ਗਈਆਂ ਅਤੇ ਕਦੇ ਮਨੁੱਖਤਾ ਦੇ ਭਲੇ ਲਈ । ਇਨ੍ਹਾਂ ਸ਼ਹੀਦਾਂ ਨੇ ਜਿੱਥੇ ਖੁਦ ਤਸੀਹੇ ਸਹੇ, ਉੱਥੇ ਹੀ ਆਪਣਾ ਸਰਬੰਸ ਵਾਰਨ ਲੱਗਿਆਂ, ਇਕ ਵਾਰ ਵੀ ਨਹੀਂ ਸੋਚਿਆ। ਸਿੱਖ ਇਤਿਹਾਸ ਵਿੱਚ ਸ਼ਹਾਦਤ ਦਾ ਇਹ ਸਿਲਸਿਲਾ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੁੰਦਾ ਹੈ, ਜਿਨ੍ਹਾਂ ਨੂੰ ਮੁਗ਼ਲ ਸ਼ਾਸਕ ਜਹਾਂਗੀਰ ਦੇ ਹੁਕਮਾਂ ਅਨੁਸਾਰ ਤੱਤੀ ਤਵੀ 'ਤੇ ਬਿਠਾਇਆ ਗਿਆ । ਸੀਸ ਉੱਪਰ ਗਰਮ ਰੇਤ ਪਾਈ ਗਈ ਅਤੇ ਦੇਗ ਵਿੱਚ ਉਬਾਲਿਆ ਗਿਆ; ਪਰ ਇੰਨਾ ਕੁਝ ਹੋ ਜਾਣ ਦੇ ਬਾਵਜੂਦ ਵੀ ਆਪ ਨੇ ਇਸ ਨੂੰ ਅਕਾਲ-ਪੁਰਖ ਦਾ ਭਾਣਾ ਮੰਨਿਆ ਅਤੇ ਸ਼ਾਂਤ-ਚਿੱਤ ਅਡੋਲ ਰਹੇ । ਆਪਣੀ ਇਸ ਅਦੁੱਤੀ ਸ਼ਹਾਦਤ ਸਦਕਾ ਹੀ ਆਪ ਸ਼ਹੀਦਾਂ ਦੇ ਸਰਤਾਜ ਅਖਵਾਏ।

ਗੁਰੂ ਅਰਜਨ ਦੇਵ ਜੀ ਦਾ ਜਨਮ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ, ਮਾਤਾ ਭਾਨੀ ਜੀ ਦੀ ਕੁੱਖੋਂ 15-04-1563 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਦੀ ਪਰਵਰਿਸ਼ ਆਪ ਜੀ ਦੇ ਨਾਨਾ ਅਤੇ ਸਿੱਖਾਂ ਦੇ ਤੀਸਰੇ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਹੇਠ ਹੋਈ। ਆਪ ਦਾ ਵਿਆਹ ਮਾਤਾ ਗੰਗਾ ਜੀ ਨਾਲ ਹੋਇਆ ਅਤੇ ਬਾਬਾ ਬੁੱਢਾ ਜੀ ਦੇ ਵਰਦਾਨ ਨਾਲ ਆਪ ਦੇ ਗ੍ਰਹਿ ਵਿਖੇ ਬਾਲਕ ਹਰਗੋਬਿੰਦ ਦਾ ਜਨਮ ਹੋਇਆ । ਗੁਰੂ ਰਾਮਦਾਸ ਜੀ ਦੁਆਰਾ ਆਪ ਦੀ ਕਾਬਲੀਅਤ ਦੇਖਦਿਆਂ ਆਪ ਨੂੰ ਸਿੱਖਾਂ ਦੇ ਪੰਜਵੇਂ ਗੁਰੂ ਥਾਪ ਦਿੱਤਾ ਗਿਆ ਅਤੇ ਆਪ ਨੂੰ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਨੇ ਲਗਾਇਆ। ਗੁਰੂ ਰਾਮਦਾਸ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਵੱਲੋਂ ਸ਼ੁਰੂ ਕੀਤਾ ਚੱਕ ਰਾਮਦਾਸਪੁਰ ਦੇ ਸਰੋਵਰ ਦੀ ਖੁਦਾਈ ਦਾ ਅਧੂਰਾ ਕੰਮ ਵੀ ਆਪ ਵੱਲੋਂ ਪੂਰਾ ਕਰਵਾਇਆ ਗਿਆ । ਗੁਰੂ ਅਰਜਨ ਦੇਵ ਜੀ ਨੇ ਧਰਮ ਦੇ ਪਾੜੇ ਨੂੰ ਖ਼ਤਮ ਕਰਨ ਲਈ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂਮੀਰ ਕੋਲੋਂ ਰਖਵਾਈ ਅਤੇ ਇਸ ਦੇ ਚਾਰ ਦਰਵਾਜ਼ੇ ਸਾਰੇ ਧਰਮਾਂ ਦੇ ਸ਼ਰਧਾਲੂਆਂ ਲਈ ਰਖਵਾਏ ।

ਗੁਰੂ ਜੀ ਦੁਆਰਾ ਹਰਿਮੰਦਰ ਸਾਹਿਬ ਦੀ ਸੇਵਾ ਦੇ ਨਾਲ-ਨਾਲ 15 ਅਪ੍ਰੈਲ 1590 ਨੂੰ ਬਾਬਾ ਬੁੱਢਾ ਜੀ ਕੋਲੋਂ ਤਰਨ-ਤਾਰਨ ਦੇ ਸਰੋਵਰ ਦੀ ਨੀਂਹ ਰਖਵਾਈ ਗਈ । ਇਸ ਸਰੋਵਰ ਦੇ ਜਲ ਨੂੰ ਕੋਹੜਿਆਂ ਦਾ ਕੋਹੜ

ਦੂਰ ਕਰਨ ਵਾਲੇ ਅੰਮ੍ਰਿਤ ਦਾ ਵਰ ਦਿੱਤਾ। ਆਪ ਨੇ ਕਰਤਾਰਪੁਰ ਸਾਹਿਬ ਵੀ ਵਸਾਇਆ। ਮਾਨਵਤਾ ਦੇ ਭਲੇ ਲਈ ਆਪ ਨੇ ਸੋਕਾ ਪੈ ਜਾਣ 'ਤੇ ਛੇ ਛੇ ਹਰਟ ਵਾਲਾ ਖੂਹ ਲਗਵਾਇਆ, ਜਿੱਥੇ ਅੱਜ ਗੁਰਦਵਾਰਾ ਛੇਹਰਟਾ ਸਾਹਿਬ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ । ਸੰਨ 1597 ਵਿੱਚ ਜਦੋਂ ਕਾਲ ਪਿਆ ਤਾਂ ਗੁਰੂ ਜੀ ਨੇ ਲਾਹੌਰ ਦੇ ਡੱਬੀ ਬਾਜ਼ਾਰ ਵਿੱਚ ਬਉਲੀ ਬਣਵਾਈ, ਲੰਗਰ ਦੇ ਨਾਲ-ਨਾਲ ਬਿਮਾਰਾਂ ਲਈ ਦਵਾ-ਦਾਰੂ ਦਾ ਪ੍ਰਬੰਧ ਵੀ ਕੀਤਾ । ਗੁਰੂ ਅਰਜਨ ਦੇਵ ਜੀ ਨੇ ਜਿੱਥੇ ਖੁਦ ਬਾਣੀ ਦੀ ਰਚਨਾ ਕੀਤੀ, ਉੱਥੇ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ, ਭਗਤਾਂ ਅਤੇ ਸੰਤਾਂ ਦੀ ਬਾਣੀ ਨੂੰ ਇਕੱਤਰ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਦਨਾ ਕੀਤੀ ।

ਆਪ ਨੇ ਸੁਖਮਨੀ, ਬਾਰਹਮਾਂਹ, ਬਾਵਨ ਅੱਖਰੀ, ਫੁਨਹੇ, ਵਾਰਾਂ ਦੀ ਰਚਨਾ ਕੀਤੀ। ਸੁਖਮਨੀ ਸਾਹਿਬ ਦੀ ਬਾਣੀ ਆਪ ਜੀ ਦੀ ਸ਼ਾਹਕਾਰ ਰਚਨਾ ਹੈ। ਸਿੱਖ ਧਰਮ ਦੇ ਵਧਦੇ ਪ੍ਰਭਾਵ ਕਾਰਨ ਮੁਗਲੀਆ ਸਲਤਨਤ ਨੂੰ ਖ਼ਤਰਾ ਮਹਿਸੂਸ ਹੋਣ ਲੱਗਾ। ਉਸ ਸਮੇਂ ਦੇ ਮੌਲਵੀ ਮੁਲਾਣਿਆਂ ਨੇ ਜਹਾਂਗੀਰ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ । ਉਨ੍ਹਾਂ ਵੱਲੋਂ ਗੁਰੂ ਜੀ ਨੂੰ ਹਜ਼ਰਤ ਮੁਹੰਮਦ ਦੀ ਖੁਸ਼ਾਮਦ ਵਿੱਚ ਕਹੀਆਂ ਗਈਆਂ ਸਤਰਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨ ਲਈ ਕਿਹਾ ਗਿਆ । ਪਰ ਗੁਰੂ ਜੀ ਨੇ ਨਾਂਹ ਕਰ ਦਿੱਤੀ । ਇਸ ਲਈ ਮੁਗ਼ਲੀਆ ਸਲਤਨਤ ਰੋਹ ਵਿੱਚ ਆ ਗਈ । ਇਸ ਦੇ ਨਾਲ ਹੀ ਚੰਦੂ ਦੁਆਰਾ ਵੀ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ ਗਏ ਕਿਉਂਕਿ ਉਹ ਆਪਣੀ ਕੁੜੀ ਦਾ ਰਿਸ਼ਤਾ ਗੁਰੂ ਜੀ ਦੇ ਬੇਟੇ ਹਰਗੋਬਿੰਦ ਨਾਲ ਕਰਨਾ ਚਾਹੁੰਦਾ ਸੀ । ਜਹਾਂਗੀਰ ਦੇ ਹੁਕਮ ਦੁਆਰਾ ਮਿਤੀ 30-5-1606 ਨੂੰ ਲਾਹੌਰ ਵਿਖੇ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਸਰੀਰ ਨੂੰ ਰਾਵੀ ਦਰਿਆ ਵਿੱਚ ਵਹਾ ਦਿੱਤਾ। ਇਸ ਅਸਥਾਨ ਤੇ ਗੁਰਦਵਾਰਾ ਡੇਹਰਾ ਸਾਹਿਬ ਪਾਕਿਸਤਾਨ ਵਿੱਚ ਸੁਸ਼ੋਭਿਤ ਹੈ। ਗੁਰੂ ਜੀ ਨੇ ਜਬਰ ਜ਼ੁਲਮ ਦਾ ਸਾਹਮਣਾ ਕਰਦਿਆਂ ਹੋਇਆਂ ਆਪਾ ਕੁਰਬਾਨ ਕਰ ਦਿੱਤਾ, ਪਰ ਜ਼ੁਲਮ ਦੇ ਸਾਹਮਣੇ ਨਹੀਂ ਝੁਕੇ । ਇਸ ਪ੍ਰਕਾਰ ਗੁਰੂ ਜੀ ਦੀ ਸ਼ਹਾਦਤ ਜ਼ੁਲਮ ਤੇ ਜਬਰ ਦਾ ਟਾਕਰਾ ਸ਼ਾਂਤੀ ਨਾਲ ਕਰਨ ਦੀ ਆਪਣੇ ਆਪ ਵਿੱਚ ਇਕ ਮਿਸਾਲ ਹੈ । ਲੋਕ ਰਹਿੰਦੀ ਦੁਨੀਆਂ ਤਕ ਗੁਰੂ ਜੀ ਦੀ ਇਸ ਸ਼ਹਾਦਤ ਨੂੰ ਯਾਦ ਰੱਖਣਗੇ ਅਤੇ ਹਰ ਦੁੱਖ-ਸੁੱਖ ਵਿੱਚ ਉਨ੍ਹਾਂ ਦੁਆਰਾ ਰਚਿਤ ਬਾਣੀ ਦਾ ਓਟ ਆਸਰਾ ਲੈਂਦੇ ਰਹਿਣਗੇ ।

**ਤਰਨ ਤਾਰਨ**
**ਮੋਬਾਈਲ : 94787-93231**

**(ਰੋਜ਼ਾਨਾ ਸਪੋਕਸਮੈਨ 8-6-2016 'ਚੋਂ ਧੰਨਵਾਦ ਸਹਿਤ !)**



# ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ

**ਰਣਜੀਤ ਸਿੰਘ ਸਾਹੂਵਾਲਾ**

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਚਲਾਈ ਗਈ ਸੰਪੂਰਨ ਕ੍ਰਾਂਤੀ ਦੀ ਲਹਿਰ ਨੂੰ ਆਪਣੇ ਜੋਬਨ 'ਤੇ ਪਹੁੰਚਾਉਣ ਵਾਲੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਸਨ । ਸ਼ਹੀਦਾਂ ਦੇ ਸਿਰਤਾਜ ਅਤੇ ਸਿੱਖਾਂ ਦੇ ਪਹਿਲੇ ਸ਼ਹੀਦ ਗੁਰੂ ਸਨ । ਸੰਨ 1552 ਵਿੱਚ ਗੁਰੂ ਅਮਰਦਾਸ ਜੀ ਗੁਰੂ ਬਣੇ । ਗੁਰੂ ਅਮਰਦਾਸ ਜੀ ਨੇ ਆਪਣੀ ਹੋਣਹਾਰ ਬੱਚੀ ਬੀਬੀ ਭਾਨੀ ਜੀ ਦਾ ਵਿਆਹ (ਗੁਰੂ) ਰਾਮਦਾਸ ਜੀ ਨਾਲ ਸੰਨ 1553 ਵਿੱਚ ਕਰ ਦਿੱਤਾ। ਇਸ ਸੁਭਾਗ ਜੋੜੀ ਦੇ ਘਰ ਤਿੰਨ ਬੱਚੇ ਪੈਦਾ ਹੋਏ । ਸੰਨ 1558 ਵਿੱਚ ਬਾਬਾ ਪ੍ਰਿਥੀ ਚੰਦ, ਸੰਨ 1560 ਵਿੱਚ ਬਾਬਾ ਮਹਾਂਦੇਵ ਜੀ ਅਤੇ ਸੰਨ 1563 ਵਿੱਚ (ਗੁਰੂ) ਅਰਜਨ ਦੇਵ ਜੀ ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਵਿੱਚ ਸਭ ਤੋਂ ਪਹਿਲਾਂ ਸ਼ਹੀਦੀ ਦਿੱਤੀ । ਆਪ ਸਭ ਤੋਂ ਪਹਿਲੇ ਗੁਰੂ ਸਨ ਜਿਨ੍ਹਾਂ ਨੂੰ ਜੰਮਦਿਆਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ ਸੀ। ਉਸ ਸਮੇਂ ਉਨ੍ਹਾਂ ਦੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ 'ਤੇ ਬਿਰਾਜਮਾਨ ਸਨ । ਉਨ੍ਹਾਂ ਨੂੰ ਗੁਰਮਤਿ ਦੀ ਇਹ ਖ਼ੁਰਾਕ ਆਪਣੇ ਨਾਨਾ ਗੁਰੂ ਅਮਰਦਾਸ ਜੀ ਤੋਂ ਸਾਢੇ ਗਿਆਰਾਂ ਸਾਲਾਂ ਤਕ ਮਿਲਦੀ ਰਹੀ। ਗੁਰੂ ਅਰਜਨ ਦੇਵ ਜੀ ਦੇ ਮਨ ਵਿੱਚ ਬਾਣੀ ਨਾਲ ਸਾਂਝ ਅਤੇ ਗੁਰਮਤਿ ਪਿਆਰ ਨੂੰ ਵੇਖ ਕੇ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਖ ਦਿੱਤਾ ਸੀ ਕਿ ਇਹ **"ਦੋਹਤਾ, ਬਾਣੀ ਕਾ ਬੋਹਿਥਾ"** ਹੋਵੇਗਾ।

ਆਪ ਜੀ ਦੇ ਪਿਤਾ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਕਹਿਣ 'ਤੇ ਸੰਨ 1570 ਵਿੱਚ ਮਾਝੇ ਦੇ ਕੇਂਦਰ ਵਿੱਚ ਧਰਮ ਪ੍ਰਚਾਰ ਦਾ ਨਵਾਂ ਕੇਂਦਰ ਅਥਵਾ ਨਵਾਂ ਸ਼ਹਿਰ ਵਸਾਉਣਾ ਆਰੰਭ ਕਰ ਦਿੱਤਾ ਸੀ ਜੋ ਪਹਿਲਾਂ **'ਗੁਰੂ ਕਾ ਚੱਕ'** ਅਤੇ ਬਾਅਦ ਵਿੱਚ **ਸ੍ਰੀ ਅੰਮ੍ਰਿਤਸਰ** ਦੇ ਨਾਉਂ ਨਾਲ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੋਇਆ ਸੰਨ 1574 ਵਿੱਚ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਨਗਰ ਦੀ ਉਸਾਰੀ ਦਾ ਕੰਮ ਹੋਰ ਤੇਜ਼ੀ ਫੜ ਗਿਆ । ਗੁਰੂ ਅਰਜਨ ਦੇਵ ਜੀ ਸਮੇਂ ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਸਰਬਪੱਖੀ ਵਿਕਾਸ ਤੇ ਸਿੱਖਾਂ ਦੀ ਧਾਰਮਿਕ ਰਾਜਧਾਨੀ ਦਾ ਰੂਪ ਗ੍ਰਹਿਣ

ਕਰਨਾ, ਕੇਂਦਰੀ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦਾ ਹੋਂਦ ਵਿੱਚ ਆਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਣੀ, ਸਿੱਖ ਪ੍ਰਭਾਵੀ ਨਗਰਾਂ ਦਾ ਵਸਾਇਆ ਜਾਣਾ, ਮਸੰਦਾਂ ਨੂੰ ਸੰਗਠਿਤ ਕਰ ਕੇ ਸਾਰੇ ਦੇਸ਼ ਦੇ ਸਿੱਖਾਂ ਨੂੰ ਧਾਰਮਕ ਤੇ ਸਮਾਜਕ ਤੌਰ ’ਤੇ ਜਥੇਬੰਦ ਕਰਨਾ । ਇਨ੍ਹਾਂ ਮਹਾਨ ਕਾਰਜਾਂ ਕਰ ਕੇ ਗੁਰੂ ਜੀ ਇਕ ਕੌਮੀ ਉਸਰਈਏ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਏ ।

ਬਾਬਾ ਪ੍ਰਿਥੀ ਚੰਦ ਬਹੁਤ ਚਤੁਰ-ਸਿਆਣਾ ਅਤੇ ਪ੍ਰਬੰਧਕੀ ਕੰਮਾਂ ਵਿੱਚ ਮਾਹਰ ਸੀ । ਰੁਪਏ-ਪੈਸੇ ਉਸ ਦੇ ਹੱਥ ਸੀ । ਮਾਇਆ ਨਾਲ ਪਿਆਰ ਸੀ । ਉਹ ਸਾਰੀ ਸੇਵਾ ਬੜੀ ਯੋਗਤਾ ਨਾਲ ਨਿਭਾਉਂਦਾ ਸੀ, ਪਰ ਸੱਚਾ ਧਰਮੀ ਘੱਟ ਸੀ । ਮਾਣ ਵਡਿਆਈ ਦਾ ਭੁੱਖਾ ਸੀ । ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਆਪਣੇ ਆਪ ਨੂੰ ਦੇਣ ਦੀ ਗੱਲ ਕਰਦਾ, ਕਿਤੇ-ਕਿਤੇ ਖਰ੍ਹਵੇ ਬੋਲ ਬੋਲਣ ਲੱਗ ਪੈਂਦਾ ਅਤੇ ਕਹਿੰਦਾ— ਸਿੱਖ ਸੰਗਤ ਦੇ ਭੇਟਾ ਕੀਤੇ ਧਨ ਉੱਤੇ ਉਸੇ ਦਾ ਕੰਟਰੋਲ ਹੈ। ਧੀਰਜ ਦੀ ਮੂਰਤ ਸ੍ਰੀ ਗੁਰੂ ਅਮਰਦਾਸ ਜੀ ਬਾਬਾ ਪ੍ਰਿਥੀ ਚੰਦ ਨੂੰ ਸਮਝਾਉਂਦੇ :

**ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥**
**(ਅੰਗ ੧੨੦੦)**

ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਇਹ ਸਮਝਾਇਆ ਕਿ ਜਿਸ ਮਾਇਆ ਕਾਰਨ ਤੂੰ ਹੰਕਾਰੀ ਬਣਿਆ ਪਿਆ ਹੈਂ, ਉਹ ਧਨ ਕਦੇ ਵੀ ਕਿਸੇ ਦਾ ਆਪਣਾ ਨਹੀਂ ਬਣਿਆ । ਇਸ ਦੇ ਚਸਕੇ ਦਾ ਨਸ਼ਾ ਤਾਂ ਖਿਨ-ਪਲ ਵਿੱਚ ਉੱਤਰ ਜਾਂਦਾ ਹੈ ਤੇ ਫਿਰ ਪਛਤਾਵਾ ਹੁੰਦਾ ਹੈ :

**ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛਤਾਪ ॥**
**(ਅੰਗ ੧੨੦੦)**

ਇਸ ਲਈ ਗੁਰੂ ਰਾਮਦਾਸ ਜੀ ਨੇ ਅਗਸਤ 1581 (ਭਾਦਰੋਂ ਸੰਮਤ 1638) ਵਿੱਚ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ । ਉਸ ਸਮੇਂ ਗੁਰੂ ਅਰਜਨ ਦੇਵ ਜੀ ਦੀ ਉਮਰ 18 ਸਾਲ 4 ਮਹੀਨੇ ਸੀ । ਗੁਰੂ ਰਾਮਦਾਸ ਜੀ ਨੇ ਭਰੇ ਦਰਬਾਰ ਵਿੱਚ ਆਪ ਜੀ ਨੂੰ ਮੱਥਾ ਟੇਕਿਆ ਅਤੇ ਬਾਕੀ ਸੰਗਤਾਂ ਨੇ ਵੀ ਉਵੇਂ ਹੀ ਕੀਤਾ । ਆਪ ਜੀ ਨੇ ਬਾਣੀ ਦਾ ਸਾਰਾ ਖ਼ਜ਼ਾਨਾ ਵੀ ਗੁਰੂ ਅਰਜਨ ਦੇਵ ਜੀ ਨੂੰ ਭੇਂਟ ਕਰ ਦਿੱਤਾ ।

ਕੁਝ ਦਿਨਾਂ ਮਗਰੋਂ ਗੁਰੂ ਅਮਰਦਾਸ ਜੀ 1 ਸਤੰਬਰ 1581 ਈ: (2 ਅੱਸੂ ਸੰਮਤ 1638) ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾ ਗਏ। ਭਾਈਚਾਰੇ ਦੀ ਮਰਯਾਦਾ ਅਨੁਸਾਰ ਦਸਵੇਂ ਦਿਨ ਦਸਤਾਰਬੰਦੀ ਦੀ ਰਸਮ ਹੋਣੀ ਸੀ। ਇਸ ਦਿਨ ਬਰਾਦਰੀ ਵਾਲੇ ਭਰੇ ਸਮਾਗਮ ਵਿੱਚ ਜਾ-ਨਸੀਨ ਨੂੰ ‘ਪੱਗਾਂ ਦਿੰਦੇ ਹਨ । ਇਸ ਦਾ ਭਾਵ ਹੁੰਦਾ ਹੈ ਕਿ ਜਿਸ ਪੁੱਤਰ ਨੂੰ ‘ਪੱਗ’ ਦਿੱਤੀ ਗਈ ਹੈ, ਬਰਾਦਰੀ ਵਾਲੇ ਉਸ ਨੂੰ ਪਿਤਾ ਦੀ ਥਾਂ ਜਾਇਜ਼ ਹੱਕਦਾਰ ਮੰਨਦੇ ਹਨ । ਪਰ ਪਿਤਾ ਗੁਰੂ ਨੇ ਤਾਂ ਪਹਿਲਾਂ ਹੀ ਗੁਰਿਆਈ ਬਖ਼ਸ਼ ਕੇ ਆਪਣਾ ਉਤਰਧਿਕਾਰੀ ਥਾਪ ਦਿੱਤਾ ਸੀ ।

## ਭੱਟਾਂ ਦਾ ਆਉਣਾ

ਦੂਰ-ਦਰਾਡੇ ਦੀਆਂ ਸੰਗਤਾਂ ਨੂੰ ਜਦੋਂ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਉਣ ਦੀ ਖ਼ਬਰ ਮਿਲੀ ਤਾਂ ਅਨੇਕਾਂ ਸਿੱਖ ਦਸਮੀਂ (ਦਸਤਾਰ ਬੰਦੀ) ਵਾਲੇ ਇਕੱਠ ਵਿੱਚ ਹਿੱਸਾ ਲੈਣ ਲਈ ਤੁਰ ਪਏ । ਸਿੱਖਾਂ ਦੇ ਇਕ ਜਥੇ ਨਾਲ ਭੱਟ ਵਿਦਵਾਨ ਵੀ ਸਮਾਗਮ ਵਿੱਚ ਆ ਗਏ ਜਿਨ੍ਹਾਂ ਦੀ ਗਿਣਤੀ ਗਿਆਰਾਂ ਸੀ। ਇਹ ਭੱਟ ਵਿਦਵਾਨ ਕਿਸੇ ਬ੍ਰਹਮ ਗਿਆਨੀ ਮਹਾਂਪੁਰਖ ਦੀ ਭਾਲ ਵਿੱਚ ਭਟਕ ਰਹੇ ਸਨ । ਪਰ ਕਿਤਿਉਂ ਵੀ ਇਨ੍ਹਾਂ ਨੂੰ ਤਸੱਲੀ ਨਹੀਂ ਹੋ ਸਕੀ ਸੀ । ਕਈ ਤੀਰਥ ਅਸਥਾਨਾਂ ਉੱਤੇ ਕਈ ਸੰਤਾਂ-ਸਾਧਾਂ ਨੂੰ ਮਿਲੇ ਸਨ । ਸਿੱਖਾਂ ਦੇ ਜਥੇ ਤੋਂ ਭੱਟ ਵਿਦਵਾਨਾਂ ਨੇ ਗੁਰੂ ਪਾਤਸ਼ਾਹ ਦੀ ਸਿਫ਼ਤ ਸਲਾਹ ਵਿੱਚ ਅਨੇਕਾਂ ਗੱਲਾਂ ਸੁਣੀਆਂ ਸਨ । ਉਨ੍ਹਾਂ ਦਾ ਖ਼ਿਆਲ ਸੀ ਕਿ ਇੰਨੀਆਂ ਸਿਫ਼ਤਾਂ ਦਾ ਮਾਲਕ ਕੋਈ ਵਡੇਰੀ ਉਮਰ ਵਾਲਾ ਮਹਾਂਪੁਰਖ ਹੀ ਹੋਵੇਗਾ । ਪਰ ਗੋਇੰਦਵਾਲ ਪਹੁੰਚ ਕੇ ਇਨ੍ਹਾਂ ਨੂੰ ਬਹੁਤ ਹੈਰਾਨੀ ਹੋਈ । ਗੁਰੂ ਤਾਂ ਕੇਵਲ 18 ਕੁ ਵਰ੍ਹਿਆਂ ਦਾ ਸੀ ।ਉਹ ਵੀ ਗ੍ਰਹਿਸਥੀਆਂ ਦੇ ਲਿਬਾਸ ਵਿੱਚ । ਖ਼ੈਰ, ਉਹ ਉੱਥੇ ਟਿਕ ਗਏ । ਗੁਰੂ ਜੀ ਦੇ ਨਜ਼ਦੀਕ ਹੋਏ ਤਾਂ ਉਨ੍ਹਾਂ ਦੀ ਸ਼ਖ਼ਸੀਅਤ ਦੇ ਪ੍ਰਭਾਵ ਨਾਲ ਕੀਲੇ ਗਏ।

ਪ੍ਰਿਥੀ ਚੰਦ ਦੇ ਅੜੀਅਲਪੁਣੇ ਅਤੇ ਪੰਚਮ-ਪਾਤਸ਼ਾਹ ਦੀ ਹਲੀਮੀ, ਠੰਢਾ ਅਤੇ ਗੰਭੀਰ ਜਿਗਰਾ ਵੇਖਿਆ ਤਾਂ ਉਹ ਵੀ ਗੁਰੂ ਦੀ ਮਹਾਨਤਾ ਦੇ ਗੁਣ ਗਾਉਣ ਲੱਗ ਪਏ। ਕੁੱਝ ਦਿਨਾਂ ਵਿੱਚ ਇਨ੍ਹਾਂ ਨੇ ਪਹਿਲੇ ਸਤਿਗੁਰਾਂ ਦੇ ਜੀਵਨ ਅਤੇ ਬਾਣੀ ਬਾਰੇ ਵੀ ਵਾਕਫ਼ੀਅਤ ਹਾਸਲ ਕਰ ਲਈ । ਇਸ ਨਾਲ ਇਨ੍ਹਾਂ ਦੇ ਮਨ ’ਤੇ ਬਹੁਤ ਪ੍ਰਭਾਵ ਪਿਆ । ਇਨ੍ਹਾਂ ਨੇ ਪੰਜਵੇਂ ਗੁਰੂ ਦੀ ਉਸਤਤਿ ਵਿੱਚ ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ । ਇਨ੍ਹਾਂ ਨੂੰ ਭੱਟਾਂ ਦੇ ਸਵੱਈਏ ਕਿਹਾ ਜਾਂਦਾ ਹੈ ।

ਗੁਰੂ ਅਰਜਨ ਦੇਵ ਜੀ ਦੀ ਸਿਫ਼ਤ ਸਲਾਹ ਕਰਦਿਆਂ ਹੋਇਆਂ

ਭੱਟਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਗੁਰੂ ਜੀ ਪਰਮਾਤਮਾ ਦਾ ਪਰਤੱਖ ਰੂਪ ਹਨ । ਗੁਰੂ ਰਾਮਦਾਸ ਜੀ ਦੇ ਸਹੀ ਉਤਰਾਧਿਕਾਰੀ ਹਨ । ਆਪ ਦੱਸਦੇ ਹਨ ਕਿ ਵਿਰੋਧਤਾ ਦੇ ਝੱਖੜ ਝੁੱਲਣ ਦੇ ਬਾਵਜੂਦ ਵੀ ਗੁਰੂ ਅਰਜਨ ਦੇਵ ਜੀ ਗੰਭੀਰਤਾ ਵਿੱਚ ਰਹਿ ਕੇ ਪਰਬਤ ਵਾਂਗ ਅਡੋਲ ਰਹੇ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੀ ਜਿੱਤ ਹੋਈ ।

ਭੱਟ-ਵਿਦਵਾਨਾਂ ਨੇ ਗੁਰੂ ਅਰਜਨ ਪਾਤਸ਼ਾਹ ਦੀ ਉਸਤਿਤ ਵਿੱਚ (20) ਵੀਹ ਸਵਈਏ ਰਚੇ ਹਨ । ਇਨ੍ਹਾਂ ਵਿੱਚ ਗੁਰੂ ਜੀ ਦੇ ਹੇਠ ਦਿੱਤੇ ਕੁੱਝ ਵਿਸ਼ੇਸ਼ ਗੁਣਾਂ ਦਾ ਜ਼ਿਕਰ ਕੀਤਾ ਗਿਆ ਹੈ :

(ੳ) ਗੁਰੂ ਜੀ ਦੀ ਜਨਮ ਤੋਂ ਹੀ ਪ੍ਰਭੂ ਨਾਲ ਸਾਂਝ ਪੈ ਗਈ ਸੀ ।

**ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥**
**ਸਗਲ ਮਨੋਰਥ ਪੂਰੀ ਆਸਾ ॥**
**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥**
**ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥** **(ਅੰਗ ੧੪੦੬)**

**ਅਰਥ:** ਹੇ ਗੁਰੂ ਅਰਜਨ ਦੇਵ ਜੀ ! ਕਵੀ ਕੱਲ੍ਹ ਹੱਥ ਜੋੜ ਕੇ ਆਪ ਦੀ ਸਿਫ਼ਤ ਉਚਾਰਦਾ ਹੈ । ਆਪ ਨੇ ਗੁਰੂ ਰਾਮਦਾਸ ਜੀ ਦੇ ਘਰ ਵਿੱਚ ਜਨਮ ਲਿਆ ਹੈ । ਉਨ੍ਹਾਂ ਦੇ ਸਾਰੇ ਮਨੋਰਥ ਤੇ ਆਸਾਂ ਪੂਰੀਆਂ ਹੋਈਆਂ ਹਨ । ਜਨਮ ਤੋਂ ਹੀ ਆਪ ਨੇ ਗੁਰੂ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣਿਆ ਹੈ ਅਥਵਾ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਈ ਹੈ ।

(ਅ) ਗੁਰੂ ਜੀ ਅਕਾਲ ਪੁਰਖ ਦਾ ਰੂਪ ਹਨ ਅਤੇ ਅਕਾਲ ਪੁਰਖ ਨਾਲ ਜੁੜੇ ਰਹਿੰਦੇ ਹਨ :

**ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥**
**ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥**
**ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲ ਸੁਖ ਦਾਤਉ ॥**
**ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ ॥**

**(ਅੰਗ ੧੪੦੭)**

**ਅਰਥ** : ਗੁਰੂ ਅਰਜਨ ਜੀ ਸਦਜੀਵੀ ਹੈ, ਆਪ ਦਾ ਮੁੱਲ ਨਹੀਂ ਪੈ ਸਕਦਾ । ਆਪ ਜੂਨਾਂ ਤੋਂ ਰਹਿਤ ਤੇ ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ । (ਗੁਰੂ ਅਰਜੁਨ) ਭੈ ਦੂਰ ਕਰਨ ਵਾਲਾ, ਪਰਾਏ ਦੁੱਖ ਹਰਨ ਵਾਲਾ,ਬੇਅੰਤ ਅਤੇ ਗਿਆਨ-ਸਰੂਪ ਹੈ । ਆਪ ਦੀ ਉਸ ਹਰੀ ਤਕ ਪਹੁੰਚ ਹੈ, ਜੋ ਜੀਵਾਂ ਦੀ ਪਹੁੰਚ ਤੋਂ ਪਰ੍ਹੇ ਹੈ, (ਗੁਰੂ ਅਰਜਨ) ਭਰਮ ਤੇ ਭਟਕਣਾ ਨੂੰ ਦੂਰ ਕਰਨ



ਵਾਲਾ ਹੈ, ਸੀਤਲ ਤੇ ਸੁੱਖ ਦੇਣ ਵਾਲਾ ਹੈ, ਮਾਨੋ ਅਜਨਮਾ, ਪੂਰਨ ਪੁਰਖ ਸਿਰਜਣਹਾਰ ਪ੍ਰਗਟ ਹੋ ਪਿਆ ਹੈ।

**ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਾਹੀ ॥**
**ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥**

**(ਅੰਗ ੧੪੦੮)**

**ਅਰਥ** : ਗੁਰੂ ਅਰਜਨ ਅਕਾਲ ਪੁਰਖ ਦਾ ਰੂਪ ਹੈ । ਸ੍ਰੀ ਕ੍ਰਿਸ਼ਨ ਦੇ ਸਮੇਂ ਹੋਏ ਅਰਜੁਨ ਵਾਂਗ ਆਪ ਕਦੇ ਘਬਰਾਉਣ ਵਾਲੇ ਨਹੀਂ ਹਨ । ਨਾਮ ਦਾ ਪ੍ਰਕਾਸ਼ ਆਪ ਦਾ ਨੇਜਾ ਹੈ, ਗੁਰੂ ਦੇ ਸ਼ਬਦ ਨੇ ਆਪ ਨੂੰ ਸੁਹਣਾ ਬਣਾਇਆ ਹੋਇਆ ਹੈ ।

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥**
**ਭਨਿ ਮਥੁਰਾ ਕਛੁ ਭੇਦ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥**

**(ਅੰਗ ੧੪੦੯)**

**ਅਰਥ** : ਗੁਰੂ ਅਰਜੁਨ ਹੀ ਜੋਤਿ ਰੂਪ ਹੋ ਕੇ ਧਰਤੀ ਅਕਾਸ਼ ਅਤੇ ਨੌ ਖੰਡਾਂ ਵਿੱਚ ਵਿਆਪ ਰਿਹਾ ਹੈ ।

ਹੇ ਮਥੁਰਾ ! ਇੰਞ ਆਖ ਕੇ ਗੁਰੂ ਅਰਜਨ ਸਾਖਿਆਤ ਅਕਾਲ ਪੁਰਖ ਹੈ । ਪ੍ਰਭੂ ਤੇ ਉਸ ਵਿੱਚ ਕੋਈ ਭੇਦ ਨਹੀਂ ।

(ੲ) ਗੁਰੂ ਅਰਜੁਨ ਦੇਵ ਜੀ ਵਿੱਚ ਗੁਰੂ ਨਾਨਕ ਦੀ ਹੀ ਜੋਤਿ ਹੈ :

**ਗੁਰ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ ॥**
**ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥**

**(ਅੰਗ ੧੪੦੭)**

**ਅਰਥ:** ਗੁਰੂ ਨਾਨਕ ਦੇਵ ਆਪ 'ਸਚ ਰੂਪ' ਨੀਂਹ ਉਸਾਰ ਕੇ ਗੁਰੂ ਅਰਜਨ ਜੀ ਵਿੱਚ ਲੀਨ ਹੋ ਗਿਆ ਹੈ । ਗੁਰੂ ਰਾਮਦਾਸ ਜੀ ਦੇ ਘਰ ਵਿੱਚ ਗੁਰੂ ਅਰਜੁਨ ਅਪਰੰਪਰ ਰੂਪ ਬਣਿਆ ਹੋਇਆ ਹੈ ।

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥**
**ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥**
**ਗੁਰੂ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥**
**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥**

**(ਅੰਗ ੧੪੦੭)**

**ਅਰਥ** : ਪ੍ਰਕਾਸ਼ ਰੂਪ ਹਰੀ ਨੇ ਆਪਣੇ ਆਪ ਨੂੰ ਗੁਰੂ ਨਾਨਕ ਅਖਵਾਇਆ । ਉਸ ਤੋਂ ਗੁਰੂ ਅੰਗਦ ਪ੍ਰਗਟ ਹੋਇਆ, ਗੁਰੂ ਨਾਨਕ ਦੇਵ ਜੀ ਦੀ ਜੋਤਿ ਗੁਰੂ ਅੰਗਦ ਦੇਵ ਜੀ ਦੀ ਜੋਤਿ ਨਾਲ ਮਿਲ ਗਈ । ਗੁਰੂ ਅੰਗਦ ਦੇਵ ਜੀ ਨੇ ਕਿਰਪਾ ਕਰਕੇ ਅਮਰਦਾਸ ਜੀ ਨੂੰ ਗੁਰੂ ਥਾਪਿਆ । ਗੁਰੂ ਅਮਰਦਾਸ ਜੀ ਨੇ ਆਪਣੇ ਵਾਲਾ ਛਤ੍ਰ ਗੁਰੂ ਰਾਮਦਾਸ ਜੀ ਨੂੰ ਦੇ ਦਿੱਤਾ ।

ਮਥੁਰਾ ਆਖਦਾ ਹੈ—ਗੁਰੂ ਰਾਮਦਾਸ ਜੀ ਦਾ ਦਰਸ਼ਨ ਕਰ ਕੇ (ਗੁਰੂ ਅਰਜੁਨ ਦੇਵ ਜੀ ਦੇ) ਬਚਨ ਆਤਮਕ ਜੀਵਨ ਵਾਲੇ ਹੋ ਗਏ ਹਨ (ਗੁਰੂ ਨਾਨਕ ਦੇ) ਪੰਜਵੇਂ ਸਰੂਪ, ਅਕਾਲ ਪੁਰਖ ਰੂਪ, ਗੁਰੂ ਅਰਜੁਨ ਦੇਵ ਜੀ ਨੂੰ ਅੱਖਾਂ ਨਾਲ ਵੇਖੋ ।

(ਸ) ਗੁਰੂ ਜੀ ਦੁੱਖਾਂ ਨੂੰ ਦੂਰ ਕਰਨ ਵਾਲੇ ਤੇ ਪਰਾਈ ਪੀੜ ਹਰਨ ਵਾਲੇ ਹਨ

**ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ਯ ਸਹਾਰੁ ਤੋਹਿ ਜਸੁ ਬਕਤਾ ॥**
**ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥**
**(ਅੰਗ ੧੪੦੭)**

**ਅਰਥ**: ਹੇ ਗੁਰੂ ਅਰਜਨ ਜੀ, ਤੂੰ ਭੈਅ ਦੂਰ ਕਰਨ ਵਾਲਾ, ਪਰਾਈ ਪੀੜ ਹਰਨ ਵਾਲਾ ਹੈ, ਕਵੀ ਕਲਸਹਾਰ ਤੇਰਾ ਜਸ ਆਖਦਾ ਹੈ। ਗੁਰੂ ਅਰਜੁਨ ਗੁਰੂ ਰਾਮਦਾਸ ਜੀ ਦਾ ਪੁੱਤਰ, ਸੋਢੀ ਕੁਲ ਵਿੱਚ ਧਰਮ ਦੇ ਝੰਡੇ ਵਾਲਾ ਹਰੀ ਦਾ ਭਗਤ ਹੈ ।

**ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥**
**(ਅੰਗ ੧੪੦੭)**

**ਅਰਥ**: ਗੁਰੂ ਅਰਜਨ ਜੀ ਨੇ ਧੀਰਜ ਨੂੰ ਆਪਣਾ ਧਰਮ ਬਣਾਇਆ ਹੈ । ਗੁਰੂ ਅਰਜੁਨ ਗੁਰਮਤਿ ਵਿੱਚ ਡੂੰਘਾ ਹੈ, ਪਰਾਏ ਦੁੱਖ ਦੂਰ ਕਰਨ ਵਾਲਾ ਹੈ, ਸ੍ਰੇਸ਼ਟ ਸ਼ਬਦ ਵਾਲਾ ਹੈ, ਹਰਿ ਵਰਗਾ ਉਦਾਰ ਚਿਤ ਹੈ ਅਤੇ ਹਉਮੈਂ ਨੂੰ ਦੂਰ ਕਰਦਾ ਹੈ ।

(ਹ) ਗੁਰੂ ਜੀ ਰਾਜ-ਯੋਗੀ ਹਨ :

**ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥**
**ਗੁਰ ਅਰਜੁਨ ਕਲ੍ਯੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥**
**(ਅੰਗ ੧੪੦੭)**

**ਅਰਥ** : ਗੁਰੂ ਰਾਮਦਾਸ ਜੀ ਦਾ ਸਪੁੱਤਰ (ਗੁਰੂ ਅਰਜੁਨ) ਸਰਬ-ਵਿਆਪਕ (ਹਰੀ ਦਾ ਰੂਪ) ਹੈ, ਆਪ ਨੇ ਆਤਮਕ ਅਡੋਲਤਾ ਵਿੱਚ ਚੰਦੋਆ ਤਾਣਿਆ ਹੋਇਆ ਹੈ (ਭਾਵ ਸਹਜ-ਰੰਗ ਵਿੱਚ ਆਨੰਦ ਲੈ ਰਹੇ ਹਨ) ।



ਕਲ ਕਵੀ ਆਖਦਾ ਹੈ—ਹੇ ਗੁਰੂ ਅਰਜੁਨ ਦੇਵ ! ਤੂੰ ਰਾਜ ਅਤੇ ਯੋਗ ਦਾ ਆਨੰਦ ਸਮਝ ਲਿਆ ਹੈ ।

**ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥**
**ਧੰਨਿ ਧੰਨਿ ਗੁਰ ਧੰਨਿ ਅਭਰ ਸਰ ਸੁਭਰ ਭਰਾਯਉ ॥**
**(ਅੰਗ ੧੪੦੮)**

**ਅਰਥ** : ਗੁਰੂ ਦੇ ਉਪਦੇਸ਼ ਕਾਰਨ ਆਪ ਪ੍ਰਭੂ ਦੀ ਹਜ਼ੂਰੀ ਵਿੱਚ ਕਬੂਲ ਹੋ ਗਏ ਹੋ, ਆਪ ਨੇ ਰਾਜ-ਯੋਗ ਕਮਾਇਆ ਹੈ। ਗੁਰੂ ਅਰਜਨ ਦੇਵ ਜੀ ਧੰਨ ਹੈ, ਖ਼ਾਲੀ ਹਿਰਦਿਆਂ ਨੂੰ ਆਪ ਨੇ (ਨਾਮ ਅੰਮ੍ਰਿਤ ਨਾਲ) ਨਕਾ-ਨਕਾ ਭਰ ਦਿੱਤਾ ਹੈ।

(ਕ) ਗੁਰੂ ਜੀ ਉੱਚੇ ਆਤਮਕ ਗੁਣਾਂ ਵਾਲੇ ਹਨ :

**ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਹਿਓ**
**ਬਿਮਲ ਬੁਧਿ ਸਤਿਗੁਰਿ ਸਮਾਣਉ ॥**
**ਆਜੋਨੀ ਸੰਭਵਿਅਉ ਸੁਜਸੁ ਕਲ੍ਯ ਕਵੀਅਣਿ ਬਖਾਣਿਅਉ ॥**
**(ਅੰਗ ੧੪੦੭)**

ਅਰਥ : ਅਕਾਲ ਪੁਰਖ ਨੇ ਅਸਚਰਜ ਖੇਡ ਰਚੀ ਹੈ ਕਿ ਗੁਰੂ ਅਰਜੁਨ ਸੰਤੋਖ ਵਿੱਚ ਵਿਚਰ ਰਿਹਾ ਹੈ। ਨਿਰਮਲ ਬੁੱਧੀ ਗੁਰੂ ਜੀ ਵਿੱਚ ਸਮਾਈ ਹੋਈ ਹੈ । ਆਪ ਜੂਨਾਂ ਤੋਂ ਰਹਿਤ ਤੇ ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ । ਕਲ੍ਯ ਆਦਿਕ ਕਵੀਆਂ ਨੇ ਆਪ ਦਾ ਸੁੰਦਰ ਜਸ ਉਚਾਰਿਆ ਹੈ ।

**ਅਮਿਉ ਰਸਨਾ ਬਦਨਿ ਬਰ ਦਾਤਿ ਅਲਖ**
**ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਹਉ ॥**
**ਪੰਚਾਹਰੁ ਨਿਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਹਉ ॥**
**(ਅੰਗ ੧੪੦੮)**

ਅਰਥ : ਹੇ ਅਲੱਖ ! ਹੇ ਅਪਾਰ ! ਹੇ ਸੂਰਮੇ ਗੁਰੂ ! ਆਪ ਜੀਭ ਨਾਲ ਅੰਮ੍ਰਿਤ ਵਰਸਾਉਂਦੇ ਹੋ ਅਤੇ ਮੂੰਹੋਂ ਵਰ ਦੀ ਬਖ਼ਸ਼ਿਸ਼ ਕਰਦੇ ਹੋ ।

ਸ਼ਬਦ ਦੁਆਰਾ ਆਪ ਨੇ ਹਉਮੈਂ ਦੂਰ ਕੀਤੀ ਹੈ। ਅਗਿਆਨ ਨੂੰ ਆਪ ਨੇ ਨਾਸ਼ ਕਰ ਦਿੱਤਾ ਹੈ ਅਤੇ ਆਤਮਕ ਅਡੋਲਤਾ ਦੇ ਰਾਹੀਂ ਅਫੁਰ ਨਿਰੰਕਾਰ ਨੂੰ ਆਪਣੇ ਹਿਰਦੇ ਵਿੱਚ ਟਿਕਾਇਆ ਹੈ ।

(ਖ) ਗੁਰੂ ਜੀ ਜਗਤ ਨੂੰ ਤਾਰਨ ਵਾਲੇ ਹਨ :

**ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥**
**ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥**
**(ਅੰਗ ੧੪੦੮)**

**ਅਰਥ** : ਹੇ ਮਥੁਰਾ । ਇੰਞ ਆਖ ਕੇ ਗੁਰੂ ਅਰਜੁਨ ਦੇਵ ਜੀ ਦੇ ਸਰੂਪ ਵਿੱਚ ਮਨ ਭਲੀ ਪ੍ਰਕਾਰ ਜੋੜ ਕੇ ਸਨਮੁਖ ਰਹੋ । ਗੁਰੂ ਜੀ ਕਲਜੁਗ ਵਿੱਚ ਜਹਾਜ਼ ਹੈ । ਹੇ ਦੁਨੀਆਂ ਦੇ ਲੋਕੋ, ਉਸ ਦੇ ਚਰਨੀਂ ਲੱਗ ਕੇ ਸੰਸਾਰ ਤੋਂ ਸਹੀ ਸਲਾਮਤ ਪਾਰ ਲੰਘੋ ।

**ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥**
**ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥**
**(ਅੰਗ ੧੪੦੯)**

**ਅਰਥ** : ਦਾਸ ਮਥੁਰਾ ਦਾ ਪ੍ਰਭੂ (ਗੁਰੂ ਅਰਜੁਨ) ਦੀਨਾਂ ਉੱਤੇ ਦਇਆ ਕਰਨ ਵਾਲਾ ਹੈ । ਆਪ ਨੇ ਸੰਗਤ ਅਤੇ ਸ੍ਰਿਸ਼ਟੀ ਨੂੰ ਨਿਹਾਲ ਕੀਤਾ ਹੈ। ਗੁਰੂ ਰਾਮਦਾਸ ਜੀ ਨੇ ਜਗਤ ਨੂੰ ਤਾਰਨ ਲਈ ਗੁਰੂ ਵਾਲੀ ਜੋਤਿ ਗੁਰੂ ਅਰਜੁਨ ਵਿੱਚ ਰੱਖ ਦਿੱਤੀ ਹੈ ।

**ਤਤੁ ਬਿਚਾਰ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥**
**ਜਪੵਉ ਜਿਨੑ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥**
**(ਅੰਗ ੧੪੦੯)**

**ਅਰਥ** : ਹੇ ਮਥੁਰਾ ! ਸੱਚੀ ਵਿਚਾਰ ਇਹ ਹੈ ਕਿ ਜਗਤ ਨੂੰ ਤਾਰਨ ਲਈ ਹਰੀ ਨੇ ਗੁਰੂ ਅਰਜੁਨ ਅਵਤਾਰ ਬਣਾਇਆ ਹੈ । ਜਿਨ੍ਹਾਂ ਨੇ ਗੁਰੂ ਅਰਜੁਨ ਦੇਵ ਜੀ ਨੂੰ ਜੱਪਿਆ ਹੈ, ਉਹ ਦੁਬਾਰਾ ਗਰਭ ਜੂਨ ਦੇ ਦੁੱਖਾਂ ਵਿੱਚ ਨਹੀਂ ਆਏ ।

**-ਵੀ.ਪੀ.ਓ. ਸਾਹੂਵਾਲਾ-1,**
**ਤਹਿ: ਤੇ ਜ਼ਿਲ੍ਹਾ : ਸਿਰਸਾ (ਹਰਿਆਣਾ) ।**
**ਮੋਬਾਈਲ : 97299-35061**



ੴ ਸਤਿਗੁਰ ਪ੍ਰਸਾਦਿ ॥
ਪੰਜਵੀਂ ਪਾਤਸ਼ਾਹੀ

# ਸ੍ਰੀ ਗੁਰੂ ਅਰਜਨ ਦੇਵ ਜੀ

**1. *ਆਮ ਜਾਣਕਾਰੀ :-**

| | | |
|---|---|---|
| 1. ਮਾਤਾ | : | ਸ੍ਰੀ ਭਾਨੀ ਜੀ |
| 2. ਪਿਤਾ | : | ਸ੍ਰੀ ਗੁਰੂ ਰਾਮ ਦਾਸ ਜੀ |
| 3. ਜਨਮ ਮਿਤੀ | : | 15-04-1563 ਈ. (19 ਵੈਸਾਖ, 1620 ਬਿ.) |
| 4. ਜਨਮ ਸਥਾਨ | : | ਗੋਇੰਦਵਾਲ ਸਾਹਿਬ, ਜ਼ਿਲ੍ਹਾ: ਤਰਨ ਤਾਰਨ |
| 5. ਪਤਨੀ | : | ਸ੍ਰੀ ਗੰਗਾ ਦੇਵੀ ਜੀ |
| 6. ਸੰਤਾਨ | : | ਸ੍ਰੀ ਹਰਗੋਬਿੰਦ ਜੀ |
| 7. ਗੁਰਬਾਣੀ ਰਚਨਾ | : | ਗਉੜੀ ਸੁਖਮਨੀ, ਮਾਝ ਬਾਰਾਹਮਾਹ, ਬਾਵਨ ਅਖਰੀ, 30 ਰਾਗਾਂ ਵਿੱਚ; ਕੁੱਲ 2218 ਸ਼ਬਦ |
| 8. ਗੁਰਗੱਦੀ ਦੀ ਬਖ਼ਸ਼ਿਸ਼ | : | 02-09-1581 ਈ. (2 ਅੱਸੂ,1638 ਬਿ.) |
| 9. ਜੋਤੀ-ਜੋਤਿ | : | 30-5-1606 ਈ. (1 ਹਾੜ, 1663 ਬਿ.) |
| 10. ਕੁੱਲ ਉਮਰ | : | 43 ਸਾਲ 1 ਮਹੀਨਾ 15 ਦਿਨ |
| 11. ਸਮਕਾਲੀਨ ਹੁਕਮਰਾਨ | : | ਅਕਬਰ, ਜਹਾਂਗੀਰ |

**2. ਜਨਮ ਤੇ ਬਚਪਨ** : - ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 19 ਵਿਸਾਖ, 1620 (15 ਅਪ੍ਰੈਲ, 1563) ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ, ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ । ਆਪ ਮੁੱਢ ਤੋਂ ਹੀ ਬੜੇ ਹੋਣਹਾਰ ਅਤੇ ਸੰਤ-ਸੁਭਾਅ ਸਨ । ਨਾਨਾ ਸ੍ਰੀ ਗੁਰੂ ਅਮਰਦਾਸ ਜੀ ਆਪ ਜੀ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਜਾਣਦੇ ਸਨ ਕਿ ਇਹ ਬਾਲਕ, ਸਮਾਂ ਆਉਣ 'ਤੇ, ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੇਗਾ ।

ਇਕ ਦਿਨ ਜਦ ਰਿੜ੍ਹਦੇ-ਰਿੜ੍ਹਦੇ ਆਪ ਜੀ ਗੁਰਗੱਦੀ 'ਤੇ ਜਾ ਬੈਠੇ ਤਾਂ ਗੁਰੂ ਅਮਰਦਾਸ ਜੀ ਨੇ ਮੁਸਕਰਾ ਕੇ ਕਿਹਾ, "ਪੁੱਤਰ ! ਅਜੇ ਵੇਲਾ

ਨਹੀਂ ਆਇਆ ।" ਇਕ ਦਿਨ ਤਾਂ ਨਾਨਾ ਗੁਰੂ ਜੀ ਨੇ ਦੋਹਤੇ ਨੂੰ ਵਰ ਹੀ ਦੇ ਦਿੱਤਾ : **"ਦੋਹਤਾ, ਬਾਣੀ ਦਾ ਬੋਹਿਥਾ ।"**

ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਮਿਲਣ ਤਕ, ਆਪ ਸਾਰੇ ਪਰਿਵਾਰ ਦੇ ਨਾਲ ਗੋਇੰਦਵਾਲ ਹੀ ਰਹੇ ਅਤੇ ਪਿੱਛੋਂ 'ਗੁਰੂ ਕੇ ਚੱਕ' (ਅੰਮ੍ਰਿਤਸਰ) ਆਣ ਵੱਸੇ । ਆਪ ਜੀ ਆਪਣੇ ਪਿਤਾ ਦੇ ਬਹੁਤ ਆਗਿਆਕਾਰ ਸਨ । ਹਰ ਵੇਲੇ ਉਨ੍ਹਾਂ ਦੀ ਸੇਵਾ ਵਿੱਚ ਰਹਿੰਦੇ ਸਨ । ਆਪ ਜੀ ਨੇ ਚੰਗੀ ਵਿੱਦਿਆ ਪ੍ਰਾਪਤ ਕੀਤੀ । ਗੁਰਬਾਣੀ ਦਾ ਅਧਿਐਨ ਅਤੇ ਉਸਦੀ ਵਿਚਾਰ ਆਪ ਕਰਦੇ ਹੀ ਰਹਿੰਦੇ ਸਨ । ਆਪ ਬਹੁਤ ਸ਼ਾਂਤ-ਚਿੱਤ ਅਤੇ ਪੂਰਨ ਬ੍ਰਹਮ ਗਿਆਨੀ ਸਨ। ਛੋਟੀ ਉਮਰ ਵਿੱਚ ਹੀ ਕਵਿਤਾ ਲਿਖ ਲੈਂਦੇ ਸਨ ।

3. **ਵਿਆਹ ਤੇ ਸੰਤਾਨ** :- 23 ਹਾੜ 1636 ਬਿ. ਨੂੰ, 16 ਸਾਲ ਦੀ ਉਮਰ ਵਿੱਚ ਹੀ, ਆਪ ਜੀ ਦਾ ਵਿਆਹ ਪਿੰਡ ਮੌ (ਮਉ), ਤਹਿਸੀਲ : ਫਿਲੌਰ, ਜ਼ਿਲ੍ਹਾ : ਜਲੰਧਰ ਦੇ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ, ਸ੍ਰੀ ਗੰਗਾ ਦੇਵੀ ਜੀ ਨਾਲ ਹੋਇਆ । ਉਨ੍ਹਾਂ ਦੀ ਕੁੱਖੋਂ 21 ਹਾੜ 1652 ਬਿ. ਨੂੰ ਸ੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ ।
4. **ਪ੍ਰੀਖਿਆ** :- ਭਾਵੇਂ ਗੁਰੂ ਰਾਮਦਾਸ ਜੀ ਜਾਣਦੇ ਸਨ ਕਿ ਉਨ੍ਹਾਂ ਪਿੱਛੋਂ ਗੁਰਗੱਦੀ ਸੰਭਾਲਣ ਦੇ ਸਭ ਤੋਂ ਵੱਧ ਯੋਗ ਅਰਜਨ ਦੇਵ ਜੀ ਸਨ, ਫਿਰ ਵੀ ਉਹ ਪ੍ਰਿਥੀ ਚੰਦ, ਮਹਾਂਦੇਵ ਅਤੇ ਸੰਗਤ ਨੂੰ ਯਕੀਨ ਕਰਾਉਣਾ ਚਾਹੁੰਦੇ ਸਨ ਕਿ ਗੁਰਗੱਦੀ ਦੇ ਯੋਗ, ਅਸਲੀ ਅਰਥਾਂ ਵਿੱਚ, ਕੌਣ ਹੈ ?

ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ ਸਹਾਰੀ ਮੱਲ ਜੀ ਨੇ ਆਪ ਆ ਕੇ ਗੁਰੂ ਜੀ ਨੂੰ ਆਪਣੇ ਪੁੱਤਰ ਦੀ ਸ਼ਾਦੀ 'ਤੇ ਆਉਣ ਦਾ ਸੱਦਾ ਦਿੱਤਾ ਤਾਂ ਗੁਰੂ ਜੀ ਨੇ ਆਪਣੇ ਜਾਣ ਬਾਰੇ ਕੁਝ ਮੁਸ਼ਕਿਲਾਂ ਦੱਸੀਆਂ । ਉਨ੍ਹਾਂ ਬੇਨਤੀ ਕੀਤੀ ਕਿ ਆਪਣਾ ਪੁੱਤਰ ਹੀ ਘੱਲ ਦਿਓ । ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਕਿਹਾ ਕਿ ਆਪਣੇ ਤਾਇਆ ਜੀ ਦੇ ਨਾਲ ਚਲੇ ਜਾਓ, ਪਰ ਉਸਨੇ ਨਾਂਹ ਕਰ ਦਿੱਤੀ । ਉਸਦੇ ਕੋਲ ਆਮ ਪ੍ਰਬੰਧ ਹੋਣ ਕਰਕੇ, ਉਸਦਾ ਸੰਗਤਾਂ ਅਤੇ ਮਸੰਦਾਂ ਨਾਲ ਚੰਗਾ ਤਾਲ-ਮੇਲ ਸੀ । ਉਹ ਨਹੀਂ ਸੀ ਚਾਹੁੰਦਾ ਕਿ ਉਸਦੇ ਪਿੱਛੋਂ ਉਸਦੇ ਭਰਾ ਇਹ ਮੇਲ-ਜੋਲ ਕਰ ਲੈਣ, ਕਿਉਂਕਿ, ਇਸ ਮੇਲ-ਜੋਲ ਸਦਕਾ, ਉਸਦੀ ਗੁਰਗੱਦੀ 'ਤੇ ਅੱਖ ਸੀ ।

ਫਿਰ ਗੁਰੂ ਜੀ ਨੇ ਮਹਾਂਦੇਵ ਜੀ ਨੂੰ ਆਖਿਆ । ਉਸਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਹ ਦੁਨੀਆਂ-ਦਾਰੀ ਦੇ ਝਮੇਲਿਆਂ ਤੋਂ ਦੂਰ ਹੀ ਰਹਿਣਾ ਚਾਹੁੰਦਾ ਹੈ ।



ਫਿਰ ਗੁਰੂ ਜੀ ਨੇ ਅਰਜਨ ਦੇਵ ਜੀ ਨੂੰ ਆਗਿਆ ਕੀਤੀ, ਜਿਨ੍ਹਾਂ ਝਟਪਟ ਸਤ-ਬਚਨ ਕਹਿਕੇ ਮੱਥਾ ਟੇਕਿਆ ਅਤੇ ਅਗਲੇ ਦਿਨ ਹੀ ਤਾਇਆ ਸਹਾਰੀ ਮੱਲ ਜੀ ਨਾਲ ਚਲੇ ਗਏ । ਗੁਰੂ ਜੀ ਨੇ ਹਦਾਇਤ ਕੀਤੀ ਸੀ ਕਿ ਜਿੰਨਾ ਚਿਰ ਸੱਦੀਏ ਨਾ, ਉਨਾ ਚਿਰ ਆਪਣੇ-ਆਪ ਨਹੀਂ ਆਉਣਾ ।

ਵਿਆਹ ਤੋਂ ਬਾਅਦ ਗੁਰੂ ਜੀ ਉਸ ਧਰਮਸਾਲਾ ਵਿੱਚ ਚਲੇ ਗਏ ਜੋ ਪਿਤਾ ਗੁਰੂ ਰਾਮਦਾਸ ਜੀ ਨੇ ਆਪਣੇ ਜਨਮ ਅਸਥਾਨ 'ਤੇ ਬਣਵਾਈ ਸੀ। ਉੱਥੇ ਆਪ ਧਰਮ-ਪ੍ਰਚਾਰ ਕਰਦੇ ਰਹੇ । ਉਨ੍ਹਾਂ ਗੁਰੂ ਜੀ ਨੂੰ ਚਿੱਠੀਆਂ ਵੀ ਪਾਈਆਂ ਕਿ ਦਰਸ਼ਨਾਂ ਨੂੰ ਮਨ ਲੋਚਦਾ ਹੈ; ਪਰ ਗੁਰੂ ਜੀ ਨੇ ਕਾਫ਼ੀ ਸਮਾਂ ਨਾ ਬੁਲਾਇਆ ਅਤੇ ਉਹ ਵਿਛੋੜਾ ਝੱਲੀ ਗਏ । ਕੁਛ ਸਮੇਂ ਬਾਅਦ, ਬਾਬਾ ਬੁੱਢਾ ਜੀ ਨੂੰ ਭੇਜ ਕੇ ਬੁਲਾ ਲਿਆ ।

5. **ਗੁਰ-ਗੱਦੀ** :- ਅੰਤਲੇ ਦਿਨਾਂ 'ਚ ਗੁਰੂ ਰਾਮਦਾਸ ਜੀ ਗੋਇੰਦਵਾਲ ਚਲੇ ਗਏ। ਉੱਥੇ ਆਪ ਜੀ ਨੇ 2 ਅੱਸੂ, 1638 ਬਿ. (2 ਸਤੰਬਰ, 1581 ਈ.) ਨੂੰ ਸੰਗਤਾਂ ਦੇ ਉਚੇਚੇ ਇਕੱਠ ਵਿੱਚ, ਸੰਗਤਾਂ ਦੀ ਸਲਾਹ ਨਾਲ, ਸ੍ਰੀ ਅਰਜਨ ਦੇਵ ਜੀ ਨੂੰ ਗੁਰ-ਗੱਦੀ ਦੀ ਸੌਂਪਣਾ ਕੀਤੀ—ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਤੋਂ ਤਿਲਕ ਲਵਾਇਆ ।

ਇਸ ਉੱਤੇ ਪ੍ਰਿਥੀ ਚੰਦ (ਪ੍ਰਿਥੀਆ) ਬਹੁਤ ਦੁਖੀ ਹੋਇਆ ਕਿਉਂਕਿ ਵੱਡਾ ਪੁੱਤਰ ਹੋਣ ਕਰਕੇ ਉਹ ਆਪਣੇ-ਆਪ ਨੂੰ ਗੁਰ-ਗੱਦੀ ਦਾ ਹੱਕਦਾਰ ਸਮਝਦਾ ਸੀ । ਉਸਨੇ ਗੁਰੂ ਪਿਤਾ ਰਾਮਦਾਸ ਜੀ ਪਾਸ ਰੋਸ ਪਰਗਟ ਕੀਤਾ ਕਿ ਉਸਦਾ ਹੱਕ ਮਾਰਿਆ ਗਿਆ ਹੈ। ਗੁਰੂ ਜੀ ਅਤੇ ਬਾਬਾ ਬੁੱਢਾ ਜੀ ਨੇ ਬਹੁਤ ਸਮਝਾਇਆ ਪਰ ਉਹ ਵਿੰਗਾ ਹੀ ਰਿਹਾ । ਇਸ 'ਤੇ ਗੁਰੂ ਪਿਤਾ ਨੇ ਉਸਨੂੰ 'ਮੀਣਾ' ਆਖਿਆ ਅਤੇ ਆਗਿਆ ਕੀਤੀ ਕਿ **"ਮੇਰੇ ਮੱਥੇ ਨਾ ਲੱਗੀਂ ।"**

ਸ੍ਰੀ ਗੁਰੂ ਰਾਮਦਾਸ ਜੀ 2 ਸਤੰਬਰ 1581 ਈ. ਨੂੰ ਹੀ ਸੱਚਖੰਡ ਪਿਆਨਾ ਕਰ ਗਏ। ਇਸ ਪਿੱਛੋਂ ਛੇਤੀ ਹੀ ਗੁਰੂ ਅਰਜਨ ਦੇਵ ਜੀ **'ਗੁਰ ਕੇ ਚੱਕ' (ਅੰਮ੍ਰਿਤਸਰ)** ਆ ਗਏ ਅਤੇ ਗੁਰੂ ਪਿਤਾ ਕੋਲੋਂ ਆਰੰਭ ਹੋਏ ਕਾਰਜਾਂ ਨੂੰ ਆਪਣੇ ਹੱਥ ਵਿੱਚ ਲੈ ਲਿਆ ।

ਪ੍ਰਿਥੀਏ ਦੇ ਰੌਲਾ ਪਾਉਣ 'ਤੇ ਗੁਰੂ ਜੀ ਨੇ ਮਕਾਨਾਂ ਅਤੇ ਜ਼ਮੀਨ ਤੋਂ ਆਉਂਦੀ ਸਭ ਆਮਦਨ ਆਪਣੇ ਭਰਾਵਾਂ ਦੇ ਨਾਂ ਲਵਾ ਦਿੱਤੀ । ਪ੍ਰਿਥੀਆ ਫਿਰ ਵੀ ਔਖਾ ਹੀ ਰਿਹਾ । ਉਸਨੇ ਮਸੰਦਾਂ ਨੂੰ ਆਪਣੇ ਨਾਲ ਗੰਢ ਲਿਆ ਅਤੇ ਆਪਣੇ-ਆਪ ਨੂੰ ਗੁਰੂ ਅਖਵਾਉਣ ਲੱਗ ਪਿਆ । ਸੰਗਤਾਂ ਵੱਲੋਂ ਆਉਂਦੀ ਕਾਰ ਭੇਟ ਵੀ ਆਪਣੇ ਕੋਲ ਰੱਖ ਲੈਂਦਾ । ਇਸ ਮਨੋਰਥ ਲਈ

ਉਸਨੇ, ਅੰਮ੍ਰਿਤਸਰ ਨੂੰ ਆਉਂਦੇ ਸਾਰੇ ਰਸਤਿਆਂ ’ਤੇ, ਆਪਣੇ ਆਦਮੀ ਖੜ੍ਹੇ ਕਰ ਰੱਖੇ ਸਨ ।

ਗੁਰੂ ਜੀ ਇਹ ਸਭ ਸ਼ਾਂਤੀ ਨਾਲ ਜਰਦੇ ਰਹੇ । ਨਤੀਜੇ ਵਜੋਂ, ਲੰਗਰ ਚੱਲਣਾ ਵੀ ਔਖਾ ਹੋ ਗਿਆ । ਇੱਥੋਂ ਤਕ ਕਿ ਕਈ ਵਾਰ ਗੁਰੂ ਜੀ ਅਤੇ ਮਾਤਾ ਜੀ ਨੂੰ ਭੁੱਖੇ ਪੇਟ ਹੀ ਸੌਣਾ ਪੈਂਦਾ ।

ਭਾਈ ਗੁਰਦਾਸ ਜੀ ਪ੍ਰਚਾਰ ਲਈ ਆਗਰੇ ਗਏ ਹੋਏ ਸਨ । ਵਾਪਸ ਆ ਕੇ ਉਨ੍ਹਾਂ ਇਹ ਸਭ ਕੁਝ ਵੇਖਿਆ ਤਾਂ ਬੜੇ ਦੁਖੀ ਹੋਏ । ਉਨ੍ਹਾਂ ਨੇ ਬਾਬਾ ਬੁੱਢਾ ਜੀ, ਭਾਈ ਸਾਲ੍ਹੋ ਜੀ, ਭਾਈ ਪੈੜੇ, ਭਾਈ ਗੁਰੀਏ, ਭਾਈ ਜੇਠੇ ਅਤੇ ਕਈ ਹੋਰ ਮੁਖੀ ਸਿੱਖਾਂ ਨੂੰ ਇਕੱਠੇ ਕੀਤਾ । ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਪਿਪਲੀ ਸਾਹਿਬ ਗੁਰਦਵਾਰੇ ਵਾਲੀ ਥਾਂ ’ਤੇ ਜਾ ਬੈਠੇ ਅਤੇ ਬਾਹਰੋਂ ਆਉਂਦੇ ਸਿੱਖਾਂ ਨੂੰ, ਪ੍ਰਿਥੀਏ ਦੀਆਂ ਕਰਤੂਤਾਂ ਤੋਂ ਜਾਣੂ ਕਰਵਾ ਕੇ, ਸਾਰੀ ਹਕੀਕਤ ਦੱਸੀ ਗਏ ਅਤੇ ਕਾਰ-ਭੇਟ ਵੀ ਲਈ ਗਏ। ਕੁਝ ਮੁਖੀ ਸਿੱਖਾਂ ਨੂੰ ਬਾਹਰਲੇ ਇਲਾਕਿਆਂ ’ਚ ਪ੍ਰਚਾਰ ਲਈ ਭੇਜ ਦਿੱਤਾ ਕਿ ਉਹ ਸੰਗਤਾਂ ਨੂੰ ਅਸਲੀਅਤ ਤੋਂ ਜਾਣੂ ਕਰਾਉਣ। ਗੁਰੂ ਜੀ ਦੇ ਦਰਬਾਰ ਦਾ ਪ੍ਰਬੰਧ ਵੀ ਭਾਈ ਗੁਰਦਾਸ ਜੀ ਨੇ ਆਪਣੇ ਹੱਥ ਵਿੱਚ ਲੈ ਲਿਆ । ਇੰਵ, ਮੀਣੇ ਪ੍ਰਿਥੀਏ ਦੀਆਂ ਸਭ ਚਾਲਾਂ ਨਿਸਫਲ ਹੋ ਗਈਆਂ ।

6. **ਪ੍ਰਿਥੀਏ ਅਤੇ ਕਰਮੋ ਦੀਆਂ ਮੁਜਰਮਾਨਾਂ ਹਰਕਤਾਂ** :- ਪ੍ਰਿਥੀਆ ਕੋਈ ਨਾ ਕੋਈ ਭੈੜੀ, ਭੱਦੀ ਹਰਕਤ ਕਰਦਾ ਹੀ ਰਹਿੰਦਾ। ਉਸਦੇ ਵਤੀਰੇ ਤੋਂ ਅੱਕ ਕੇ, ਗੁਰੂ ਜੀ ਵਡਾਲੀ ਚਲੇ ਗਏ, ਜਿੱਥੇ ਲਗਭਗ ਤਿੰਨ ਸਾਲ ਰਹੇ। ਉੱਥੇ ਹੀ 21 ਹਾੜ 1652 ਬਿ. (੧੪ ਜੂਨ, 1595 ਈ.) ਨੂੰ ਸ੍ਰੀ (ਗੁਰੂ) ਹਰਿਗੋਬਿੰਦ ਜੀ ਦਾ ਜਨਮ ਹੋਇਆ, ਜਿਸ ਨਾਲ ਪ੍ਰਿਥੀਏ ਅਤੇ ਕਰਮੋ ਦੀਆਂ ਉਮੀਦਾਂ ’ਤੇ ਪਾਣੀ ਫਿਰ ਗਿਆ ਜੋ ਇਹ ਸੋਚੀ ਬੈਠੇ ਸਨ ਕਿ ਗੁਰੂ ਅਰਜਨ ਦੇਵ ਦੀ ਕੋਈ ਸੰਤਾਨ ਨਾ ਹੋਣ ਕਾਰਨ, ਉਨ੍ਹਾਂ ਤੋਂ ਪਿੱਛੋਂ ਗੁਰਿਆਈ ਉਨ੍ਹਾਂ ਦੇ ਪੁੱਤਰ, ਮਿਹਰਬਾਨ ਨੂੰ ਮਿਲੇਗੀ ।

ਹੁਣ ਪ੍ਰਿਥੀਏ ਅਤੇ ਕਰਮੋ ਨੇ ਬਾਲਕ ਹਰਿਗੋਬਿੰਦ ਜੀ ਨੂੰ ਮਾਰਨ ਦੀਆਂ ਸਕੀਮਾਂ ਬਣਾਉਣੀਆਂ ਆਰੰਭ ਕਰ ਦਿੱਤੀਆਂ ਅਤੇ ਇਸ ਮੰਤਵ ਲਈ ਚਾਰ ਵਾਰ ਸਾਜ਼ਿਸ਼ਾਂ ਰਚੀਆਂ, ਜੋ ਸਫਲ ਨਾ ਹੋ ਸਕੀਆਂ । ਇਨ੍ਹਾਂ ਦਾ ਵੇਰਵਾ ਅਗਲੇ ਅਧਿਆਇ ਵਿੱਚ ਪੰ:.....ਉੱਤੇ ਦਿੱਤਾ ਹੋਇਆ ਹੈ ।

7. **ਅਕਬਰ ਬਾਦਸ਼ਾਹ ਪਾਸ ਸ਼ਿਕਾਇਤ** :- ਪ੍ਰਿਥੀਏ ਨੇ ਉਕਤ ਮੁਜਰਮਾਨਾ (Criminal) ਹਰਕਤਾਂ ਦੇ ਇਲਾਵਾ, ਹੋਰ ਕੋਝੀਆਂ ਹਰਕਤਾਂ ਵੀ ਜਾਰੀ ਰੱਖੀਆਂ । ਇੱਥੋਂ ਤਕ ਕਿ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ



ਕਿ ਗੁਰ-ਗੱਦੀ, ਜਿਸ ਉੱਤੇ ਉਸਦਾ ਹੀ ਹੱਕ ਬਣਦਾ ਹੈ, ਉਸਨੂੰ ਦਿਵਾਈ ਜਾਵੇ। ਪਰ ਬਾਦਸ਼ਾਹ ਦੇ ਸੁਹਿਰਦ ਸਲਾਹਕਾਰਾਂ ਨੇ ਉਸਨੂੰ ਦੱਸ ਦਿੱਤਾ ਕਿ ਇਹ ਕੋਈ ਵਿਰਾਸਤ ਵਿੱਚ ਮਿਲਣ ਵਾਲੀ ਚੀਜ਼ ਨਹੀਂ ਹੈ, ਸਗੋਂ ਇਕ ਵੱਡੀ ਜ਼ਿੰਮੇਵਾਰੀ ਹੈ ਜੋ, ਅੱਲਾਹ ਦੀ ਮਿਹਰ ਸਦਕਾ ਹੀ ਮਿਲਦੀ ਹੈ । ਪਹਿਲੇ ਤਿੰਨਾਂ ਗੁਰੂ ਸਾਹਿਬਾਨਾਂ ਨੇ ਇਹ ਜ਼ਿੰਮੇਵਾਰੀ, ਆਪਣੇ ਪੁੱਤਰਾਂ ਨੂੰ ਛੱਡ ਕੇ, ਸੁਯੋਗ ਪੁਰਸ਼ਾਂ ਨੂੰ ਹੀ ਬਖ਼ਸ਼ੀ ਸੀ । ਸੋ, ਅਕਬਰ ਵੱਲੋਂ ਕੋਰਾ ਜਵਾਬ ਮਿਲ ਗਿਆ ।

8. **ਹੋਰ ਕੋਝੇ ਢੰਗ ਤਰੀਕੇ** :- ਪ੍ਰਿਥਵੀ ਨੇ ਇਕ ਫੌਜਦਾਰ ਸੁਲਹੀ ਖਾਂ ਨੂੰ ਰਿਸ਼ਵਤ ਦੇ ਕੇ ਆਪਣੇ ਨਾਲ ਗੰਢ ਲਿਆ । ਸੁਲਹੀ ਖਾਂ ਨੇ ਆਪਣੇ ਭਤੀਜੇ ਸੁਲਭੀ ਖਾਂ ਨੂੰ ਭੇਜਿਆ ਕਿ ਗੁਰੂ ਜੀ ਨਾਲ ਸਿੱਝੇ । ਜਦ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਆਖਿਆ ਕਿ ਸਭ ਠੀਕ ਹੀ ਹੋਵੇਗਾ । ਸਾਡੇ ਕੋਲ ਦੋ ਐਸੇ ਹਥਿਆਰ ਹਨ, (ਗ਼ਰੀਬੀ ਗੁਰਜ ਹੈ ਅਤੇ ਸੰਗਤ ਦੀ ਧੂੜ ਖੰਡਾ ਹੈ) ਜਿਨ੍ਹਾਂ ਅੱਗੇ ਕੋਈ ਵਿਕਾਰੀ ਟਿਕ ਨਹੀਂ ਸਕਦਾ :-

**ਗਰੀਬੀ ਗਦਾ ਹਮਾਰੀ ॥**
**ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ ॥** (ਅੰਗ ੬੨੮)

ਸੁਲਭੀ ਖਾਂ ਅਜੇ ਬਿਆਸ ਹੀ ਸੀ ਕਿ ਉਸਦਾ ਤਨਖਾਹ ਸੰਬੰਧੀ ਕਿਸੇ ਸੱਯਦ ਹਸਨ ਅਲੀ ਨਾਲ ਝਗੜਾ ਹੋ ਗਿਆ, ਜਿਸਨੇ ਉਸਨੂੰ ਕਤਲ ਕਰ ਦਿੱਤਾ ।

ਉਪਰੰਤ, ਪ੍ਰਿਥੀਏ ਨੇ ਸੁਲਹੀ ਖਾਂ ਨੂੰ ਆਪ ਕੁਝ ਕਰਨ ਲਈ ਪ੍ਰੇਰ ਲਿਆ । ਉਹ ਵੀ ਘੋੜੇ ਤੋਂ ਡਿਗਕੇ, ਚਲਦੇ ਭੱਠੇ ਵਿੱਚ ਸੜ ਕੇ ਮਰ ਗਿਆ ।

ਜਦ ਗੁਰੂ ਜੀ ਨੂੰ ਇਸ ਸਾਜਿਸ਼ ਦਾ ਪਤਾ ਲੱਗਾ ਤਾਂ ਉਨ੍ਹਾਂ ਵਾਹਿਗੁਰੂ ਦੇ ਧੰਨਵਾਦ ਵਿੱਚ ਕੁਝ ਸ਼ਬਦ ਰਚੇ ਜਿਨ੍ਹਾਂ ਵਿੱਚੋਂ ਦੋ ਇਸ ਪ੍ਰਕਾਰ ਹਨ :-

1. **ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥** (ਅੰਗ ੮੨੫)

2) ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥ ਪੂਰਾ ਨਿਆਉ ਕਰੇ ਕਰਤਾਰੁ ॥ ਅਪੁਨੇ ਦਾਸ ਕਉ ਰਾਖਨਹਾਰੁ ॥੧॥ ਰਹਾਉ ॥ ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥ ਤਿਨਿ ਮਾਰਿਆ ਜਿ ਰਖੈ ਨ ਕੋਇ ॥ ਆਗੈ ਪਾਛੈ ਮੰਦੀ ਸੋਇ ॥੩॥ ਅਪੁਨੇ ਦਾਸ ਰਾਖੈ ਕੰਠਿ ਲਾਇ ॥ ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥...(ਅੰ: ੧੯੯)

ਇਸ ਦੇ ਬਾਵਜੂਦ, ਪ੍ਰਿਥੀਆ ਗੁਰੂ ਜੀ ਦੀ ਵਿਰੋਧਤਾ ਕਰਨੋ ਨਾ ਹਟਿਆ ਅਤੇ ਹਰ ਗੱਲੇ ਉਨ੍ਹਾਂ ਨਾਲ ਈਰਖਾ, ਸ਼ਰੀਕਾ ਕਰਦਾ ਰਹਿੰਦਾ । ਜਦ ਗੁਰੂ ਜੀ ਨੇ ਅੰਮ੍ਰਿਤਸਰ ਬਣਵਾਇਆ ਤਾਂ ਉਸਨੇ ਲਾਹੌਰ ਤੋਂ 14-15 ਮੀਲ ਦੀ ਦੂਰੀ 'ਤੇ ਹੇਹਰ ਵਿਖੇ ਤਾਲ ਤੇ ਦਰਬਾਰ ਬਣਾ ਧਰਿਆ । ਜਦ ਗੁਰੂ ਜੀ ਨੇ ਕੁਸ਼ਟੀਆਂ ਅਤੇ ਦੁਖੀਆਂ ਦੀ ਸੇਵਾ ਲਈ ਤਰਨ-ਤਾਰਨ ਬਣਵਾਇਆ, ਜਿਸ ਨੂੰ ਦੁਖ ਨਿਵਾਰਨ ਵੀ ਆਖਦੇ ਸਨ, ਤਾਂ ਉਸਦੇ ਮੁਕਾਬਲੇ ਤਿੰਨ ਕੁ ਮੀਲ ਦੀ ਵਿੱਥ 'ਤੇ, ਅੰਮ੍ਰਿਤਸਰ ਵਾਲੇ ਪਾਸੇ, ਉਸਨੇ ਆਪਣਾ ਹੀ ਦੁਖ ਨਿਵਾਰਨ ਬਣਾ ਲਿਆ । ਪਰ ਉਸਦੀ ਕਿਸੇ ਚਾਲ ਨੂੰ ਵੀ ਸਫਲਤਾ ਨਾ ਮਿਲੀ, ਕਿਉਂਕਿ ਸਮਾਂ ਪਾ ਕੇ ਸੰਗਤ ਉਸਨੂੰ ਰੱਦ ਕਰ ਦਿੰਦੀ ਸੀ ।

**9. ਗੁਰੂ ਜੀ ਵੱਲੋਂ ਕੀਤੇ ਵਿਸ਼ੇਸ਼ ਕਾਰਜ** :- **'ਗੁਰੂ ਕੇ ਚੱਕ'** ਦਾ ਨਾਂ ਗੁਰੂ ਜੀ ਨੇ **'ਚੱਕ ਰਾਮਦਾਸ'** ਰੱਖਿਆ ਜਿਸਨੂੰ **'ਰਾਮਦਾਸ ਪੁਰ'** ਵੀ ਆਖਿਆ ਜਾਂਦਾ ਸੀ । ਇੱਥੇ ਸਾਂਝੇ ਕੰਮਾਂ ਨੂੰ ਸਿਰੇ ਚਾੜ੍ਹਨ ਲਈ ਸੰਗਤਾਂ ਵਧ-ਚੜ੍ਹ ਕੇ ਸੇਵਾ ਕਰਦੀਆਂ । ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਵਰਗੇ ਉੱਘੇ ਸਿੱਖਾਂ ਦੇ ਨਾਲ ਗੁਰੂ ਜੀ ਆਪ ਵੀ ਟੋਕਰੀ ਢੋਂਦੇ ਅਤੇ ਹੋਰ ਸੇਵਾ ਦੇ ਕੰਮ ਕਰਦੇ ਸਨ ।

**i) ਸਰੋਵਰ ਦੀ ਉਸਾਰੀ** :- ਸਰੋਵਰ ਦਾ ਟੱਕ ਗੁਰੂ ਰਾਮਦਾਸ ਜੀ ਨੇ ਸੰਮਤ 1634 ਬਿ. (ਸੰਨ 1577 ਈ.) ਵਿੱਚ ਦੁਖ ਭੰਜਣੀ ਬੇਰੀ ਪਾਸ ਲਾਇਆ ਸੀ । ਸਰੋਵਰ ਨੂੰ ਹੋਰ ਡੂੰਘਾ ਅਤੇ ਪੱਕਾ ਕਰਨ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਸੰਨ 1586 ਈ. ਵਿੱਚ ਆਰੰਭ ਕੀਤਾ ਜਿਸ ਦੇ ਪੂਰਾ ਹੋਣ 'ਤੇ ਇਹ ਸ਼ਬਦ ਉਚਾਰਿਆ :-

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥**



**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥**
**(ਅੰਗ ੭੮੩)**

ii) **ਗੁਰੂ ਕੇ ਮਹਿਲ** :- ਗੁਰੂ ਬਾਜ਼ਾਰ ਦੇ ਨੇੜੇ ਇਹ ਰਿਹਾਇਸ਼ ਗੁਰੂ ਰਾਮਦਾਸ ਜੀ ਨੇ ਬਣਵਾਈ ਸੀ, ਜਿਸਨੂੰ ਪੱਕਿਆਂ ਕਰਨ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਕੀਤਾ ।

iii) **ਸੰਤੋਖਸਰ** :- ਇਸਦੀ ਉਸਾਰੀ ਵੀ ਗੁਰੂ ਰਾਮਦਾਸ ਜੀ ਨੇ ਸੰਮਤ 1627 ਬਿ. (ਸੰਨ 1570 ਈ.) ਵਿੱਚ ਕਰਵਾਈ ਸੀ, ਜਿਸਨੂੰ ਗੁਰੂ ਅਰਜਨ ਦੇਵ ਜੀ ਨੇ ਇਕ ਪਿਸ਼ੌਰੀ ਸਿੱਖ, ਭਾਈ ਸੰਤੋਖ ਜੀ, ਦੇ ਧਨ ਨਾਲ ਸੰਮਤ 1645 ਬਿ. (ਸੰਨ 1588 ਈ.) ਵਿੱਚ ਪੱਕਾ ਕਰਵਾਇਆ।

**iv) ਸ੍ਰੀ ਹਰਿਮੰਦਰ ਸਾਹਿਬ ਜੀ** :- ਸੰਮਤ 1645 ਬਿ. ਵਿੱਚ ਗੁਰੂ ਜੀ ਨੇ ਦਰਬਾਰ ਸਾਹਿਬ (ਗੋਲਡਨ ਟੈਂਪਲ) ਦੀ ਉਸਾਰੀ ਸ਼ੁਰੂ ਕੀਤੀ । ਇਸਦਾ ਡੀਜ਼ਾਈਨ ਗੁਰੂ ਜੀ ਦੀ ਆਪਣੀ ਕਾਢ ਸੀ । ਇਸਦੀ ਨੀਂਹ ਆਪ ਜੀ ਨੇ ਆਪਣੇ ਮਿੱਤਰ **'ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ'** ਪਾਸੋਂ ਰਖਵਾਈ । ਇਸਦੀ ਉਸਾਰੀ ਮੁਕੰਮਲ ਕਰਨ ਉਪਰੰਤ ਆਪ ਜੀ ਨੇ, ਸੰਨ 1604 ਈ. ਵਿੱਚ ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਸ ਵਿੱਚ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ । ਗੁਰੂ ਜੀ ਆਪ ਇੱਥੇ ਸਿਰੰਦੇ ਨਾਲ ਕੀਰਤਨ ਕਰਦੇ ਸਨ ਅਤੇ ਸਿੱਖਾਂ ਨੂੰ ਸਿੱਖਾਂਦੇ ਵੀ ਸਨ । ਇੱਥੇ ਵਿਸਾਖੀ ਦਾ ਮੇਲਾ ਗੁਰੂ ਜੀ ਨੇ ਹੀ ਆਰੰਭ ਕੀਤਾ ਸੀ ।

**v) ਸ੍ਰੀ ਤਰਨ-ਤਾਰਨ** :- *ਸੰਮਤ 1647 ਬਿ. ਆਪ ਜੀ ਨੇ ਸਰੋਵਰ ਦੀ ਖੁਦਾਈ ਆਰੰਭੀ ਅਤੇ ਨਗਰ ਵਸਾਇਆ । ਇਸ ਕਾਰਜ ਲਈ ਲੋੜੀਂਦੀ ਭੋਂ ਭਾਈ ਲੰਗਾਹ ਜੀ ਢਿੱਲੋਂ ਚੌਧਰੀ ਨੇ ਪਲਾਸੌਰ ਦੇ ਰੰਘੜਾਂ ਤੋਂ ਮੁੱਲ ਲੈ ਕੇ ਗੁਰੂ ਜੀ ਨੂੰ ਭੇਟ ਕੀਤੀ ਸੀ । ਇਸ ਥਾਂ 'ਤੇ ਇਕ ਢਾਬ ਹੁੰਦੀ ਸੀ ਜੋ ਪਲਾਸੌਰ, ਕਾਜ਼ੀ ਕੋਟ ਅਤੇ ਮੁਹੰਮਦਪੁਰਾ ਪਿੰਡਾਂ ਦੀ ਹੱਦ (ਤਿਹੱਦੇ) ਉੱਤੇ ਸਥਿਤ ਸੀ । ਇੱਥੇ ਕਈ ਵੇਰ ਤਿੰਨਾਂ ਪਿੰਡਾਂ ਦਾ ਮੰਗੂ 'ਕੱਠਾ ਹੋ ਜਾਂਦਾ ਅਤੇ ਵਾਗੀਆਂ ਵਿਚਕਾਰ ਅਤੇ ਪਿੱਛੋਂ ਪਿੰਡਾਂ ਵਿਚਕਾਰ ਲੜਾਈ ਦਾ ਕਾਰਨ ਬਣਦਾ । ਇਸ ਬਾਰੇ ਗੁਰੂ ਜੀ ਨੂੰ ਕੁਝ ਸਿਆਣਿਆਂ ਨੇ ਸਲਾਹ ਦਿੱਤੀ ਕਿ ਇਕ ਤਾਂ ਇਹ ਥਾਂ ਸਸਤੀ ਮਿਲ ਜਾਵੇਗੀ, ਦੂਜੇ ਉਕਤ ਪਿੰਡਾਂ ਵਿਚਾਲੇ ਨਿਤ ਦੀ ਕਲੇਸ਼ ਵੀ ਸਦਾ ਲਈ ਮੁੱਕ ਜਾਵੇਗੀ ।

ਇਸ ਥਾਂ 'ਤੇ ਗੁਰੂ ਅਰਜਨ ਦੇਵ ਜੀ ਨੇ ਕੁਸ਼ਟੀਆਂ ਲਈ ਇਕ ਆਸ਼ਰਮ (ਕੋਹੜਗੜ੍ਹ) ਬਣਵਾਇਆ ਅਤੇ ਦਵਾ-ਦਾਰੂ ਦਾ ਪ੍ਰਬੰਧ ਵੀ ਕੀਤਾ ।

ਗੁਰੂ ਜੀ ਅਤੇ ਮਾਤਾ ਗੰਗਾ ਜੀ ਕੁਸ਼ਟੀਆਂ (ਕੋੜ੍ਹਿਆਂ) ਦੀ ਹੱਥੀਂ ਸੇਵਾ ਕਰਿਆ ਕਰਦੇ ਸਨ । ਸ੍ਰੀ ਦਰਬਾਰ ਸਾਹਿਬ, ਤਰਨ-ਤਾਰਨ ਵਿਖੇ ਹਰ ਮੱਸਿਆ 'ਤੇ ਮੇਲਾ ਲੱਗਦਾ ਹੈ ।

vi) **ਕਰਤਾਰਪੁਰ (ਜਲੰਧਰ)** :- ਜਲੰਧਰ ਦੇ ਸੂਬੇ ਅਜ਼ੀਮ ਖਾਂ ਦੀ ਬੇਨਤੀ ਉੱਤੇ ਗੁਰੂ ਜੀ ਨੇ ਸੰਮਤ 1651 ਬਿ. (ਸੰਨ 1594 ਈ.) ਵਿੱਚ ਕਰਤਾਰਪੁਰ ਦੀ ਨੀਂਹ ਰੱਖੀ । ਅਕਬਰ ਬਾਦਸ਼ਾਹ ਨੇ ਨੌ ਕੁ ਹਜ਼ਾਰ ਘੁਮਾਂ ਜ਼ਮੀਨ ਦਾ ਪਟਾ ਗੁਰਦਵਾਰੇ ਦੇ ਨਾਂ ਕਰ ਦਿੱਤਾ । ਗੁਰੂ ਜੀ ਨੇ ਇੱਥੇ ਸ਼ੀਸ਼ ਮਹਿਲ ਅਤੇ ਗੁਰੂ ਕੇ ਮਹਿਲ ਬਣਵਾਏ, ਜਿੱਥੇ ਗੁਰੂ ਜੀ ਨੇ ਪਹਿਲਾਂ ਆਪ ਅਤੇ ਫਿਰ ਛੇਵੇਂ, ਸਤਵੇਂ ਅਤੇ ਨੌਂਵੇਂ ਗੁਰੂ ਜੀ ਨੇ ਨਿਵਾਸ ਕੀਤਾ ।

ਗੁਰੂ ਜੀ ਦੇ ਸਮੇਂ ਹੀ ਇੱਥੇ ਵਿਸਾਖੀ ਦਾ ਮੇਲਾ ਲੱਗਣਾ ਆਰੰਭ ਹੋਇਆ ਸੀ । ਇੱਥੇ ਹੀ ਗੁਰੂ ਜੀ ਦੁਆਰਾ ਤਿਆਰ ਕਰਵਾਈ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ (ਆਦਿ ਬੀੜ) ਧੀਰ ਮੱਲ ਦੀ ਔਲਾਦ ਦੇ ਪਾਸ ਹੈ । ਗੰਗਸਰ ਨਾਮੀਂ ਖੂਹ ਵੀ ਗੁਰੂ ਜੀ ਨੇ ਹੀ ਲਵਾਇਆ ਸੀ ।

vii) **ਛੇਹਰਟਾ ਸਾਹਿਬ**:- ਪ੍ਰਿਥੀਏ ਦੀ ਈਰਖਾ ਕਾਰਨ ਗੁਰੂ ਜੀ ਵਡਾਲੀ ਚਲੇ ਗਏ ਸਨ ਜਿੱਥੇ ਸੰਨ 1595 ਈ. ਵਿੱਚ ਸ੍ਰੀ (ਗੁਰੂ) ਹਰਿਗੋਬਿੰਦ ਜੀ ਦਾ ਜਨਮ ਹੋਇਆ ਸੀ । ਇਸੇ ਖੁਸ਼ੀ ਵਿੱਚ ਗੁਰੂ ਜੀ ਨੇ, ਇਲਾਕੇ ਵਿੱਚ ਪਾਣੀ ਦੀ ਥੁੜ੍ਹ ਦੂਰ ਕਰਨ ਲਈ, ਇਕ ਵੱਡਾ ਖੂਹ ਲਵਾਇਆ, ਜਿਸ ਉੱਤੇ ਛੇ ਹਰਟ (ਹਲਟ) ਚਲਦੇ ਸਨ, ਤਾਂ ਕਰਕੇ ਹੀ ਇਸ ਅਸਥਾਨ ਦਾ ਨਾਂ ਛਿਹਰਟਾ ਸਾਹਿਬ ਪਿਆ । ਇਸ ਅਸਥਾਨ ਉੱਤੇ ਇਕ ਸੁੰਦਰ ਗੁਰਦਵਾਰਾ ਹੈ, ਜਿੱਥੇ ਹਰ ਸਾਲ ਬਸੰਤ-ਪੰਚਮੀ ਦੇ ਮੌਕੇ ਇਕ ਵੱਡਾ ਮੇਲਾ ਲੱਗਦਾ ਹੈ। ਉਂਞ, ਹਰ ਪੰਚਮੀ ਨੂੰ ਵੀ ਸੰਗਤ ਇੱਥੇ ਜੁੜਦੀ ਹੈ ।

viii) **ਸ੍ਰੀ ਹਰਿਗੋਬਿੰਦ ਪੁਰਾ**:- (ਗੁਰੂ) ਹਰਿਗੋਬਿੰਦ ਜੀ ਛੇਵੇਂ ਪਾਤਸ਼ਾਹ ਦੇ ਜਨਮ ਦੀ ਖੁਸ਼ੀ ਵਿੱਚ ਆਪ ਜੀ ਨੇ ਗੁਰਦਾਸਪੁਰ ਦੇ ਜ਼ਿਲ੍ਹੇ ਵਿੱਚ ਦਰਿਆ ਬਿਆਸ ਦੇ ਕੰਢੇ, ਸੰਮਤ 1654 ਬਿ. ਵਿੱਚ ਇਕ ਨਗਰ ਵਸਾਇਆ ਅਤੇ ਗੋਬਿੰਦਪੁਰ ਨਾਂ ਰੱਖਿਆ, ਜੋ ਛੇਵੇਂ ਪਾਤਸ਼ਾਹ ਵੇਲੇ ਸ੍ਰੀ ਹਰਿਗੋਬਿੰਦਪੁਰ ਦੇ ਨਾਂ ਨਾਲ ਪ੍ਰਸਿੱਧ ਹੋਇਆ ।

ix) **ਬਾਉਲੀ ਸਾਹਿਬ** :- ਸੰਮਤ 1656 ਬਿ. ਵਿੱਚ ਗੁਰੂ ਜੀ ਨੇ ਲਾਹੌਰ ਵਿਖੇ ਡੱਬੀ ਬਾਜ਼ਾਰ ਵਿੱਚ ਇਕ ਬਾਉਲੀ ਤਿਆਰ ਕਰਵਾਈ ਅਤੇ ਗੁਰਦਵਾਰਾ ਬਣਵਾਇਆ। ਮਗਰੋਂ, ਸ਼ਾਹ ਜਹਾਨ ਦੇ ਹੁਕਮ ਨਾਲ ਬਾਉਲੀ ਪੂਰ ਦਿੱਤੀ ਗਈ ਅਤੇ ਲੰਗਰ ਵਾਲੀ ਥਾਂ 'ਤੇ ਮਸੀਤ ਬਣਵਾ ਦਿੱਤੀ ਗਈ ਸੀ ।



ਮਹਾਰਾਜਾ ਰਣਜੀਤ ਸਿੰਘ ਨੇ ਬਾਉਲੀ ਅਤੇ ਗੁਰਦਵਾਰਾ ਮੁੜ ਪਹਿਲੀ ਸ਼ਕਲ ਵਿੱਚ ਲਿਆਂਦੇ, ਜੋ ਸੰਨ 1947 ਵਿੱਚ ਦੇਸ਼ ਦੀ ਵੰਡ ਵੇਲੇ ਮੁੜ ਬਰਬਾਦ ਕਰ ਦਿੱਤੇ ਗਏ ।

x) **ਗੁਰੂ ਕਾ ਬਾਗ਼**:- ਗੁਰੂ ਜੀ ਮਾਝੇ ਦਾ ਦੌਰਾ ਕਰ ਰਹੇ ਸਨ ਕਿ ਸਹਿੰਸਰੇ ਪਿੰਡ ਦੇ ਲੋਕ ਉਨ੍ਹਾਂ ਨੂੰ ਆਪਣੇ ਨਗਰ ਦੇ ਪਾਸ ਲੈ ਗਏ, ਜਿੱਥੇ ਗੁਰੂ ਜੀ ਕੁਝ ਦਿਨ ਠਹਿਰੇ । ਇੱਥੇ ਮਗਰੋਂ ਗੁਰਦਵਾਰਾ ਬਣਿਆ ਜਿਸਨੂੰ ਪਹਿਲਾਂ 'ਗੁਰੂ ਕੀ ਰੌੜ' ਕਹਿੰਦੇ ਸਨ । ਪਿੱਛੋਂ ਉੱਥੇ ਗੁਰੂ ਤੇਗ ਬਹਾਦਰ ਜੀ ਨੇ ਬਾਗ਼ ਲਵਾ ਦਿੱਤਾ ਅਤੇ ਇਸ ਦਾ ਨਾਂ '**ਗੁਰੂ ਕਾ ਬਾਗ਼**' ਪੈ ਗਿਆ । (ਸੰਨ 1922 ਈ. ਵਿੱਚ ਇੱਥੇ ਇਕ ਵੱਡਾ ਅਕਾਲੀ ਮੋਰਚਾ ਲੱਗਾ ਅਤੇ ਸਤਿਆਗ੍ਰਹਿ ਹੋਇਆ ਸੀ।

xi) **ਸ੍ਰੀ ਰਾਮਸਰ** :- ਸੰਮਤ 1659-60 ਬਿ. ਵਿੱਚ ਗੁਰੂ ਅਰਜਨ ਦੇਵ ਜੀ ਨੇ ਰਾਮਸਰ ਨਾਂ ਦਾ ਇਕ ਛੋਟਾ ਜਿਹਾ ਸਰੋਵਰ ਬਣਵਾਇਆ । ਇਸਦੇ ਕਿਨਾਰੇ ਬੈਠ ਕੇ ਹੀ ਸੁਖਮਨੀ ਸਾਹਿਬ ਦੀ ਰਚਨਾ ਕੀਤੀ । ਪਿੱਛੋਂ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਵੀ ਇੱਥੇ ਹੀ ਭਾਈ ਗੁਰਦਾਸ ਜੀ ਨੂੰ ਲਿਖਵਾਈ ਗਈ ਸੀ ।

**10. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ**:- ਸਭ ਤੋਂ ਮਹਾਨ ਅਤੇ ਸਦੀਵੀ ਕੰਮ ਗੁਰੂ ਜੀ ਨੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੀਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਵੱਖ-ਵੱਖ ਭਗਤਾਂ ਦੀ ਬਾਣੀ ਵੀ ਇੱਕਠੀ ਕੀਤੀ ਹੋਈ ਸੀ। ਆਪਣੇ ਦੁਆਰਾ ਰਚੀ ਬਾਣੀ ਕੁਝ ਉਨ੍ਹਾਂ ਆਪ ਲਿਖੀ ਸੀ ਅਤੇ ਕੁਝ ਭਾਈ ਮਨਸੁਖ ਆਦਿ ਸਿੱਖਾਂ ਨੇ ਲਿਖੀ ਸੀ। ਦੂਜੀ ਪਾਤਸ਼ਾਹੀ ਨੇ ਭਾਈ ਪੈੜੇ ਮੋਖੇ ਤੋਂ ਕੁਝ ਬਾਣੀ ਲਿਖਵਾਈ ਸੀ । ਕੁਝ ਬਾਣੀ ਤੀਜੀ ਪਾਤਸ਼ਾਹੀ ਦੇ ਪੋਤਰੇ (ਮੋਹਨ ਜੀ ਦੇ ਵਿਦਵਾਨ ਪੁੱਤਰ) ਸਹੰਸ ਰਾਮ ਜੀ ਨੇ ਲਿਖੀ ਸੀ ।

ਪਹਿਲਾਂ ਸਾਰੀ ਬਾਣੀ ਨੂੰ ਇਕੱਠਾ ਕਰਨਾ, ਫਿਰ ਸੋਧ ਸਵਾਰ ਕੇ ਰਾਗਾਂ ਅਨੁਸਾਰ ਤਰਤੀਬ ਦੇਣਾ ਇਕ ਬਹੁਤ ਵੱਡਾ ਕਾਰਜ ਸੀ, ਜਿਸਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਵਰਗਾ ਇਕ ਮਹਾਂਪੁਰਸ਼ ਤੇ ਵਿਦਵਾਨ ਹੀ ਕਰ ਸਕਦਾ ਸੀ । ਸੋ, ਇਹ ਕੰਮ ਗੁਰੂ ਜੀ ਨੇ ਬਹੁਤ ਕੁਸ਼ਲਤਾ-ਪੂਰਵਕ ਸਿਰੇ ਚੜ੍ਹਾਇਆ। ਇਸ ਸੰਬੰਧੀ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਤੋਂ ਲਈ । ਇਹ ਮਹਾਨ ਕਾਰਜ ਸੰਨ 1601 ਈ. ਵਿੱਚ ਆਰੰਭ ਹੋਇਆ ਅਤੇ 1604 ਈ. ਵਿੱਚ ਸੰਪੰਨ ਹੋਇਆ ਅਤੇ 30-08-1604 ਈ. ਨੂੰ ਸ੍ਰੀ ਦਰਬਾਰ

ਸਾਹਿਬ ਅੰਮ੍ਰਿਤਸਰ ਵਿੱਚ ਇਸਦਾ ਪਹਿਲਾ ਪ੍ਰਕਾਸ਼ ਕੀਤਾ ਗਿਆ । ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ । ਪਹਿਲੀ ਵਾਰ ਪ੍ਰਕਾਸ਼ ਕਰਨ ਸਮੇਂ ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਇਹ ਹੁਕਮਨਾਮਾ ਆਇਆ :-

**ਸੂਹੀ ਮਹਲਾ ੫ ॥**

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**
**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥**

**ਅੰਗ ੭੮੩**

11. **ਵਪਾਰ ਲਈ ਸਿੱਖਾਂ ਨੂੰ ਦੇਸੋਂ ਬਾਹਰ ਭੇਜਣਾ** :- ਗੁਰੂ ਜੀ ਦੀ ਦੂਰ-ਦ੍ਰਿਸ਼ਟੀ ਨੇ ਸਿੱਖਾਂ ਨੂੰ ਵਪਾਰ ਕਰਨ ਵਾਲੇ ਪਾਸੇ ਲਾਇਆ । ਤੁਰਕਿਸਤਾਨ ਵੱਲ ਘੋੜਿਆਂ ਦੇ ਵਪਾਰ ਲਈ ਵੀ ਭੇਜਿਆ। ਕਨਿੰਘਮ ਅਨੁਸਾਰ ਉਹ ਚਾਹੁੰਦੇ ਸਨ ਕਿ ਸਿੱਖ ਵਪਾਰ ਵਿੱਚ ਵੀ ਓਨੇ ਹੀ ਉਤਸ਼ਾਹੀ ਅਤੇ ਨਿਪੁੰਨ ਹੋ ਜਾਣ ਜਿੰਨੇ ਧਰਮ ਵਿੱਚ ਪ੍ਰਪੱਕ ਹਨ । ਇਸ ਵਪਾਰ ਨਾਲ:-

i) ਸਿੱਖਾਂ ਨੂੰ ਧਨ-ਦੌਲਤ ਦਾ ਕਾਫ਼ੀ ਲਾਭ ਪ੍ਰਾਪਤ ਹੋਇਆ।

ii) ਉਨ੍ਹਾਂ ਦੀ ਸੋਚਣੀ ਦਾ ਵਿਸਥਾਰ ਹੋਇਆ ਅਤੇ ਆਚਰਨ ਵਿੱਚ ਪ੍ਰਪੱਕਤਾ ਆਈ, ਕਿਉਂਕਿ ਮਾੜੇ ਆਚਰਨ ਵਾਲਾ ਦੇਸੋਂ ਬਾਹਰ ਟਿਕ ਨਹੀਂ ਸਕਦਾ ।

iii) ਉਨ੍ਹਾਂ ਦੇ ਮਨੋ-ਬਲ ਅਤੇ ਆਤਮ-ਵਿਸ਼ਵਾਸ ਵਿੱਚ ਵਾਧਾ ਹੋਇਆ; ਉਹ ਦਲੇਰ ਅਤੇ ਬਹਾਦਰ ਬਣ ਗਏ ।

iv) ਵਪਾਰੀ ਸਿੱਖਾਂ ਨੇ ਆਪਣੇ ਗੁਣਾਂ ਸਦਕਾ ਦੂਰ-ਦੁਰਾਡੇ ਇਲਾਕਿਆਂ ਵਿੱਚ ਅਤੇ ਵਿਦੇਸ਼ਾਂ ਵਿੱਚ ਸਿੱਖੀ ਦਾ ਚੰਗਾ ਅਕਸ ਪੇਸ਼ ਕੀਤਾ। ਇਸ ਨਾਲ ਸਿੱਖੀ ਬਹੁਤ ਦੂਰ-ਦੂਰ ਤਕ ਪ੍ਰਫੁੱਲਿਤ ਹੋਈ ।

v) ਸਿੱਖ ਘੋੜਿਆਂ ਦੇ ਚੰਗੇ ਪਾਰਖੂ ਅਤੇ ਮਾਹਿਰ ਘੋੜ-ਸਵਾਰ ਬਣ ਗਏ, ਜਿਸਦਾ ਛੇਵੇਂ ਪਾਤਸ਼ਾਹ ਵੇਲੇ, ਫੌਜ ਤਿਆਰ ਕਰਨ ਵਿੱਚ ਪ੍ਰਤੱਖ ਲਾਭ ਹੋਇਆ ।

12. **ਮਸੰਦਾਂ ਨੂੰ ਜਥੇਬੰਦ ਕਰਨਾ** :- 'ਮਸੰਦ-ਸਿਸਟਮ' ਗੁਰੂ ਰਾਮ ਦਾਸ ਜੀ ਨੇ ਆਰੰਭ ਕੀਤਾ ਸੀ । ਇਨ੍ਹਾਂ ਮਸੰਦਾਂ ਨਾਲ ਪ੍ਰਿਥੀ-ਚੰਦ ਦਾ ਵਧੇਰੇ ਤਾਲ-ਮੇਲ ਸੀ । ਪਰ ਗੁਰੂ ਅਰਜਨ ਦੇਵ ਜੀ ਉਨ੍ਹਾਂ ਪ੍ਰਪੱਕ ਸਿੱਖਾਂ ਨੂੰ ਇਹ ਡਿਊਟੀ ਦੇਣੀ ਚਾਹੁੰਦੇ ਸਨ ਜਿਨ੍ਹਾਂ ਉੱਪਰ ਪ੍ਰਿਥੀ ਚੰਦ ਦਾ ਕੋਈ ਪ੍ਰਭਾਵ ਨਾ ਹੋਵੇ । ਦੂਸਰੇ ਪਾਸੇ ਗੁਰੂ ਅਮਰਦਾਸ ਜੀ ਵੱਲੋਂ ਚਲਾਇਆ 'ਮੰਜੀ-ਸਿਸਟਮ' ਵੀ ਠੀਕ ਤਰ੍ਹਾਂ ਕੰਮ ਨਹੀਂ ਸੀ ਕਰ ਰਿਹਾ। ਇਸ ਲਈ



ਉਸਦਾ ਵੀ ਕੋਈ ਬਦਲ ਲੱਭਣ ਦੀ ਲੋੜ ਸੀ ।

ਨਵੇਂ ਥਾਪੇ ਮਸੰਦਾਂ ਬਾਰੇ ਸਿੱਖਾਂ ਨੂੰ ਸੂਚਿਤ ਕਰਨ ਹਿੱਤ ਗੁਰੂ ਜੀ ਵੱਲੋਂ ਹੁਕਮਨਾਮੇ ਭੇਜੇ ਗਏ ਅਤੇ ਪੁਰਾਣੇ ਮੰਜੀ-ਦਾਰਾਂ ਅਤੇ ਪੁਰਾਣੇ ਮਸੰਦਾਂ ਤੋਂ ਸੁਚੇਤ ਰਹਿਣ ਲਈ ਤਾਕੀਦ ਕੀਤੀ ਗਈ ।

ਨਵੇਂ ਮਸੰਦ ਗੁਰੂ ਜੀ ਦੇ ਨਿਕਟਵਰਤੀ ਅਤੇ ਉੱਚੇ ਆਚਰਨ ਵਾਲੇ ਕਿਰਤੀ ਸਿੱਖ ਹੁੰਦੇ ਸਨ । ਉਹ ਗੁਰੂ ਜੀ ਦੀ ਸਿੱਖਿਆ ਘਰ-ਘਰ ਪਹੁੰਚਾਂਦੇ ਸਨ ਅਤੇ ਓਧਰੋਂ ਦਸਵੰਧ ਦੀ ਭੇਟਾ ਲੈ ਕੇ ਗੁਰੂ ਦਰਬਾਰ ਵਿੱਚ ਵੈਸਾਖੀ ਜਾਂ ਦੀਵਾਲੀ ਉੱਤੇ ਹਾਜ਼ਰ ਹੁੰਦੇ ਸਨ । ਉਨ੍ਹਾਂ ਦਿਨਾਂ ਵਿੱਚ ਦੂਰ-ਦੁਰਾਡੇ ਰਹਿੰਦੇ ਸਿੱਖਾਂ ਵਾਸਤੇ ਆਪਣਾ ਦਸਵੰਧ ਗੁਰੂ ਦਰਬਾਰ ਵਿੱਚ ਆਪ ਲੈ ਕੇ ਆਉਣਾ ਕੋਈ ਸੌਖਾ ਕੰਮ ਨਹੀਂ ਸੀ ।

ਇਹ ਮਸੰਦ ਆਪਣੇ ਇਲਾਕੇ ਦੇ ਵੱਡੇ ਨਗਰਾਂ ਵਿੱਚ ਪਰਚਾਰ ਕਰਕੇ ਸਿੱਖੀ ਦਾ ਅਸਰ-ਰਸੂਖ ਵੀ ਵਧਾਉਂਦੇ ਸਨ । ਇਨ੍ਹਾਂ ਮਸੰਦਾਂ ਦਾ ਉੱਚਾ ਆਚਰਨ ਇਕ ਮਿਸਾਲ ਬਣਕੇ ਆਮ ਲੋਕਾਂ ਵਿੱਚ ਸਿੱਖੀ ਪ੍ਰਤੀ ਸ਼ਰਧਾ ਅਤੇ ਖਿੱਚ ਪੈਦਾ ਕਰਦਾ ਸੀ ।

ਇੰਵ ਸਿੱਖਾਂ ਵਿੱਚ ਦਸਵੰਧ ਕੱਢਣ ਦੀ ਪ੍ਰਥਾ ਗੁਰੂ ਅਰਜਨ ਦੇਵ ਜੀ ਤੋਂ ਹੀ ਅਰੰਭ ਹੋਈ।

13. **ਗੁਰੂ ਜੀ ਦੀ ਸ਼ਹਾਦਤ**:-

**ਸ਼ਹਾਦਤ ਦੇ ਕਾਰਨ** :- ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਕ ਮਹਾਨ ਘਟਨਾ ਹੈ। ਇਹ ਸ਼ਹਾਦਤ ਕਿਉਂ ਹੋਈ ? ਇਸ ਦੇ ਵੱਡੇ ਕਾਰਨ ਇਸ ਪ੍ਰਕਾਰ ਹਨ :-

**i) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼**:-

ਗੁਰੂ ਗੋਬਿੰਦ ਸਿੰਘ ਬਚਿੱਤਰ ਨਾਟਕ ਵਿੱਚ ਲਿਖਦੇ ਹਨ:

**"ਬਾਬੇ ਕੇ, ਬਾਬਰ ਕੇ ਦਊ, ਆਪ ਕਰੇ ਪ੍ਰਮੇਸ਼ਰ ਸਊ"**। ਭਾਵ, ਅਜੀਬ ਗੱਲ ਹੈ ਕਿ ਇਕ ਪਾਸਿਓਂ ਬਾਬਰ ਹਿੰਦੋਸਤਾਨ ਵਿੱਚ ਆਇਆ ਅਤੇ ਦੂਸਰੇ ਪਾਸਿਓਂ ਪ੍ਰਮੇਸ਼ਰ ਨੇ ਗੁਰੂ ਨਾਨਕ ਦੇਵ ਜੀ ਨੂੰ ਭੇਜਿਆ। ਇਹ ਟਕਰਾਉ ਸਦੀਆਂ ਤਕ ਚਲਿਆ । ਮੁਗ਼ਲਾਂ ਨੇ ਤਾਂ ਤਲਵਾਰ ਦੇ ਜ਼ੋਰ ਨਾਲ ਲੋਕਾਂ ਉੱਤੇ ਰਾਜ ਕੀਤਾ ਜਦ ਕਿ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਪਿਆਰ ਅਤੇ ਨਿਮ੍ਰਤਾ ਨਾਲ ਲੋਕਾਂ ਦੇ ਮਨਾਂ ਉੱਤੇ ਰਾਜ ਕੀਤਾ ।

ਸੰਨ 1526 ਈ. ਵਿੱਚ ਬਾਬਰ ਨੇ ਪਾਨੀਪਤ ਦੀ ਲੜਾਈ ਵਿੱਚ ਇਬਰਾਹਿਮ ਲੋਧੀ ਨੂੰ ਹਰਾ ਕੇ ਦਿੱਲੀ ਦਾ ਤਖ਼ਤ ਹਾਸਲ ਕੀਤਾ । ਅਜੇ

ਉਸਦਾ ਰਾਜ ਪੱਕੇ ਪੈਰੀਂ ਵੀ ਨਹੀਂ ਹੋਇਆ ਸੀ ਕਿ 1530 ਈ. ਵਿੱਚ ਉਸਦੀ ਮੌਤ ਹੋ ਗਈ । ਫਿਰ ਉਸਦਾ ਪੁੱਤਰ ਹੁਮਾਯੂੰ ਤਖ਼ਤ ਉੱਤੇ ਬੈਠਾ। ਪਰ ਪਹਿਲਾਂ ਉਸਨੂੰ ਗੁਜਰਾਤ ਦੇ ਬਹਾਦਰ ਸ਼ਾਹ ਨੇ ਚੈਨ ਨਾ ਲੈਣ ਦਿੱਤਾ। ਫਿਰ 1540 ਈ. ਵਿੱਚ ਸ਼ੇਰਸ਼ਾਹ ਸੂਰੀ ਨੇ ਹਾਰ ਦੇ ਕੇ ਹਿੰਦੋਸਤਾਨ ਵਿੱਚੋਂ ਹੀ ਕੱਢ ਦਿੱਤਾ । ਆਖਿਰ 15 ਸਾਲ ਧੱਕੇ-ਧੋੜੇ ਖਾਣ ਪਿੱਛੋਂ 1555 ਈ. ਵਿੱਚ ਮੁੜ ਉਸਨੇ ਦਿੱਲੀ ਦਾ ਤਖ਼ਤ ਪ੍ਰਾਪਤ ਕਰ ਲਿਆ। ਪਰ ਛੇ ਮਹੀਨਿਆਂ ਪਿੱਛੋਂ ਹੀ ਉਹ ਪੌੜੀਆਂ ਤੋਂ ਡਿੱਗ ਕੇ ਮਰ ਗਿਆ। ਇਸਦੇ ਫਲਸਰੂਪ ਮੁਗ਼ਲ ਰਾਜ ਪਿਛਲੇ 29 ਸਾਲਾਂ ਵਿੱਚ ਆਪਣੇ ਪੈਰ ਚੰਗੀ ਤਰ੍ਹਾਂ ਨਾ ਜਮਾ ਸਕਿਆ। ਪ੍ਰੰਤੂ, ਦੂਜੇ ਪਾਸੇ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਅਤੇ ਫਿਰ ਗੁਰੂ ਅਮਰਦਾਸ ਜੀ ਸਿੱਖੀ ਦਾ ਪ੍ਰਚਾਰ ਲਗਾਤਾਰ ਕਰਦੇ ਆ ਰਹੇ ਸਨ ਅਤੇ ਜਨਤਾ ਨੂੰ ਇੱਜ਼ਤ-ਪਤ ਦਾ ਜੀਵਨ ਜੀਣ ਦੀ ਸਿੱਖਿਆ ਦੇ ਰਹੇ ਸਨ, ਜਿਸ ਕਰਕੇ ਸਿੱਖੀ ਦੂਰ-ਦੂਰ ਤਕ ਪ੍ਰਫੁੱਲਿਤ ਹੋ ਗਈ ਸੀ ।

ਸੰਨ 1556 ਈ. ਵਿੱਚ ਅਕਬਰ ਤਖ਼ਤ ਉੱਤੇ ਬੈਠਾ। ਉਹ ਇਕ ਅਮਨ-ਪਸੰਦ, ਦੂਰਦਰਸ਼ੀ ਅਤੇ ਸਹਿਨਸ਼ੀਲ ਹੁਕਮਰਾਨ ਸੀ। ਗੁਰੂ ਘਰ ਦੇ ਵਿਰੋਧੀਆਂ ਨੇ ਉਸ ਪਾਸ ਸ਼ਿਕਾਇਤਾਂ ਵੀ ਕੀਤੀਆਂ, ਪਰ ਹਰ ਵਾਰੀ ਸ਼ਿਕਾਇਤਾਂ ਝੂਠੀਆਂ ਪਾਈਆਂ ਗਈਆਂ । ਅਕਬਰ ਗੁਰੂ ਸਾਹਿਬਾਨ ਅਤੇ ਗੁਰਬਾਣੀ ਦਾ ਪ੍ਰਸ਼ੰਸਕ ਬਣਿਆ ਰਿਹਾ । ਉਹ ਇਕ ਸੁਲਹ-ਕੁਲ ਅਤੇ ਸਫਲ ਹੁਕਮਰਾਨ ਸੀ। ਉਸਦੇ ਸਮੇਂ ਮੁਗ਼ਲ ਰਾਜ ਬਹੁਤ ਮਜ਼ਬੂਤ ਹੋ ਗਿਆ ਸੀ ।

ਸੰਨ 1605 ਈ. ਵਿੱਚ ਅਕਬਰ ਦੀ ਮੌਤ ਹੋ ਗਈ। ਜਹਾਂਗੀਰ ਨੂੰ ਬਣੀ ਬਣਾਈ ਮਜ਼ਬੂਤ ਹਕੂਮਤ ਮਿਲ ਗਈ, ਜਿਸਨੇ ਉਸਨੂੰ ਹੰਕਾਰ ਨਾਲ ਭਰ ਦਿੱਤਾ। ਦੂਜੇ, ਕੱਟੜ-ਪੰਥੀਆਂ ਨੂੰ ਵੀ ਹੁਣ ਸਿੱਖ ਲਹਿਰ ਵਿਰੁੱਧ ਬਾਦਸ਼ਾਹ ਦੇ ਕੰਨ ਭਰਨ ਦਾ ਮੌਕਾ ਮਿਲ ਗਿਆ । ਜਹਾਂਗੀਰ ਬਹੁਤ ਮੁਤਅੱਸਬੀ ਅਤੇ ਈਰਖਾਲੂ ਸੀ। ਉਸਦਾ ਖ਼ਿਆਲ ਸੀ ਕਿ ਅਕਬਰ ਦੇ ਰਾਜ ਵਿੱਚ ਇਸਲਾਮ ਨੂੰ ਧੱਕਾ ਲੱਗਾ ਹੈ। ਉਸਨੇ ਤਖ਼ਤ ਉੱਤੇ ਬੈਠਦੇ ਹੀ ਗ਼ੈਰ-ਮੁਸਲਮਾਨਾਂ ਉੱਤੇ ਸਖ਼ਤੀ ਕਰਨੀ ਆਰੰਭ ਕਰ ਦਿੱਤੀ । ਉਹ ਸਿੱਖ ਲਹਿਰ ਨੂੰ ਵੀ ਦਬਾਉਣਾ ਚਾਹੁੰਦਾ ਸੀ। ਕਨਿੰਘਮ ਸਾਫ਼ ਲਿਖਦਾ ਹੈ ਕਿ **"ਗੁਰੂ ਨਾਨਕ ਦੇ ਉਪਦੇਸ਼ਾਂ ਨੇ ਜਨਤਾ ਨੂੰ ਹਲੂਣ ਕੇ ਰੱਖ ਦਿੱਤਾ ਸੀ ਅਤੇ ਗੁਰੂ ਅਰਜਨ ਵੇਲੇ ਨਾਨਕ ਜੀ ਦੇ ਅਸੂਲਾਂ ਨੇ, ਸਿੱਖਾਂ ਸੇਵਕਾਂ ਦੇ ਮਨਾਂ ਵਿੱਚ ਪੱਕੀ ਥਾਂ ਬਣਾ ਲਈ ਸੀ ।"**

ਸਭ ਤੋਂ ਵੱਡਾ ਸ਼ਹਾਦਤ ਦਾ ਕਾਰਨ ਗੁਰੂ ਨਾਨਕ ਦੇਵ ਜੀ ਦੇ ਨਿਤ ਦਿੱਤੇ ਜਾਂਦੇ ਆਜ਼ਾਦੀ ਦੇ ਉਪਦੇਸ਼ ਸੁਨ ਜੋ ਸਿੱਖਾਂ ਨੂੰ ਨਿਰਭੈ ਹੋਣ ਲਈ



ਲਗਾਤਾਰ ਪ੍ਰੇਰਦੇ ਰਹਿੰਦੇ ਸਨ ।

**ii) ਪ੍ਰਿਥੀ ਚੰਦ ਦੀ ਈਰਖਾ** :- ਪ੍ਰਿਥੀ ਚੰਦ, ਚੰਦੂ ਅਤੇ ਕਾਹਨੇ ਭਗਤ ਦਾ ਮਿੱਤਰ ਸੀ। ਪੰਜਾਬ ਦਾ ਨਵਾਬ ਉਸ ਵਕਤ ਸ਼ਹਿਜਾਦਾ ਖ਼ੁਰਮ (ਸ਼ਾਹ ਜਹਾਨ) ਸੀ, ਜੋ ਸਲੀਮ (ਜਹਾਂਗੀਰ) ਦਾ ਤੀਜਾ ਪੁੱਤਰ ਸੀ ਅਤੇ ਸਲੀਮ ਵਾਂਗ ਹੀ ਬਹੁਤ ਮੁਤਅੱਸਬੀ ਸੀ। ਕਾਹਨਾ ਅਤੇ ਚੰਦੂ ਉਸਦੇ ਦੀਵਾਨ ਸਨ । ਸਲੀਮ ਉਸ ਵੇਲੇ ਅਜਮੇਰ ਸੂਬੇ ਦਾ ਗਵਰਨਰ ਸੀ। 'ਲਾਹੌਰ ਦਰਬਾਰ (ਖ਼ੁਰਮ), ਚੰਦੂ ਅਤੇ ਪ੍ਰਿਥੀ ਚੰਦ' ਦੀ ਤਿਕੜੀ ਨੇ ਸਲੀਮ ਨੂੰ ਬਹੁਤ ਉਕਸਾਇਆ ਜਿਸਦੇ ਫਲਸਰੂਪ ਉਸ ਨੇ ਆਪਣੀ ਆਤਮ-ਕਥਾ, ਤੁਜ਼ਕੇ-ਏ-ਜਹਾਂਗੀਰ, ਵਿੱਚ ਲਿਖਿਆ ਹੈ :-

'ਗੋਂਦਵਾਲ ਵਿੱਚ ਜੋ ਦਰਿਆ ਬਿਆਸ ਦੇ ਕੰਢੇ 'ਤੇ ਵਾਕਿਆ ਹੈ, ਗੁਰੂ ਅਰਜਨ ਨਾਂ ਦਾ ਇਕ ਹਿੰਦੂ ਸੀ ਜਿਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ ਨੂੰ ਨਹੀਂ ਸਗੋਂ ਕਈ ਮੂਰਖ ਮੁਸਲਮਾਨਾਂ ਨੂੰ ਵੀ, ਆਪਣੇ ਢੰਗ, ਤ੍ਰੀਕਿਆਂ ਅਤੇ ਉਪਦੇਸ਼ਾਂ ਨਾਲ ਆਪਣੇ ਮਗਰ ਲਾ ਲਿਆ ਸੀ ਅਤੇ ਆਪਣੀ ਪੀਰੀ ਅਤੇ ਰੱਬ ਨਾਲ ਨੇੜਤਾ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ । ਲੋਕ ਉਸਨੂੰ ਗੁਰੂ ਆਖਦੇ ਸਨ ਅਤੇ ਸਾਰੇ ਪਾਸਿਆਂ ਤੋਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਲੋਕ ਉਸਦੇ ਦੁਆਲੇ ਆ ਜੁੜਦੇ ਸਨ ਅਤੇ ਉਸ ਉੱਤੇ ਪੂਰਾ ਭਰੋਸਾ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਹ ਦੁਕਾਨ ਗਰਮ ਰੱਖੀ ਹੋਈ ਸੀ। ਚਿਰਾਂ ਤੋਂ ਮੇਰੇ ਮਨ ਵਿੱਚ ਖ਼ਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਜਾਂ ਉਸਨੂੰ ਇਸਲਾਮ ਧਰਮ ਵਿੱਚ ਲਿਆਉਣਾ ਚਾਹੀਦਾ ਹੈ।'

ਉਪਰੋਕਤ ਤੋਂ ਲੱਗਦਾ ਹੈ ਕਿ ਜਹਾਂਗੀਰ ਸੁਣੀਆਂ-ਸੁਣਾਈਆਂ ਗੱਲਾਂ ਨੂੰ, ਘੋਖ-ਪੜਤਾਲ ਕੀਤੇ ਬਿਨਾਂ, ਸੱਚੀਆਂ ਮੰਨ ਕੇ ਗੁਰੂ ਜੀ ਪ੍ਰਤੀ ਨਫ਼ਰਤ ਅਤੇ ਈਰਖਾ ਨਾਲ ਭਰਿਆ ਪਿਆ ਸੀ। ਸਤਿਬੀਰ ਸਿੰਘ ਅਨੁਸਾਰ, 'ਗੁਰੂ ਜੀ ਵੀ ਜਾਣਦੇ ਸਨ ਕਿ **'ਓਹੁ ਗਰੀਬ ਮੋਹਿ ਭਾਵੈ'** ਦਾ ਆਦਰਸ਼ ਪੇਸ਼ ਕਰਨ ਵਾਲੇ ਨੂੰ ਹੁਣ ਤੱਤੀਆਂ ਤਵੀਆਂ ਉੱਤੇ ਬੈਠਣਾ ਪਵੇਗਾ । ਜਹਾਂਗੀਰ ਦੀ ਲਿਖਤ ਮੂੰਹ ਬੋਲਦਾ ਸਬੂਤ ਹੈ ਕਿ ਕਿਉਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ । ਅਸਲ ਗੱਲ ਇਹ ਸੀ ਕਿ ਜਹਾਂਗੀਰ **'ਟਾਕਰੇ ਦੀ ਅਦਾਲਤ'** ਤੋਂ ਘਬਰਾ ਗਿਆ ਸੀ। ਸਤਿਗੁਰ ਵੈਰ ਵਿਰੋਧ, ਈਰਖਾ ਅਤੇ ਲੈਣ-ਦੇਣ ਦੇ ਮੁਕੱਦਮੇ ਘੜੀਆਂ ਵਿੱਚ ਮੁਕਾ ਦੇਂਦੇ ਸਨ । ਸੰਗਤਾਂ ਦਾ ਗੁਰੂ ਨੂੰ ਸੱਚਾ ਪਾਤਸ਼ਾਹ ਕਹਿਣਾ ਜਹਾਂਗੀਰ ਨੂੰ ਚੁੱਭਦਾ ਸੀ ।.....ਉਸਨੂੰ ਡਰ ਸੀ ਮਤੇ ਬਿਆਸਾ ਤੋਂ ਉੱਠੀ ਲਹਿਰ ਦਿੱਲੀ ਅਤੇ ਆਗਰੇ ਨੂੰ ਰੋਹੜ ਕੇ ਹੀ ਨਾ

ਲੈ ਜਾਵੇ......।' ਤੁਜ਼ਕੇ-ਏ-ਜਹਾਂਗੀਰੀ ਦੀ ਲਿਖਤ ਜਹਾਂਗੀਰ ਦੇ ਤੁਅੱਸਬ ਅਤੇ ਹਉਮੈਂ ਦੀ ਮੂੰਹ ਬੋਲਦੀ ਤਸਵੀਰ ਹੈ।

**iii) ਚੰਦੂ ਦੀ ਦੁਸ਼ਮਣੀ** :- ਚੰਦੂ ਲਾਹੌਰ ਦਰਬਾਰ ਦਾ ਦੀਵਾਨ ਸੀ । ਉਸਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਪ੍ਰੋਹਤ ਨੂੰ ਆਖਿਆ । ਪ੍ਰੋਹਤ ਨੇ ਲੜਕੀ ਦਾ ਰਿਸ਼ਤਾ (ਗੁਰੂ) ਹਰਿਗੋਬਿੰਦ ਜੀ ਨਾਲ ਪੱਕਾ ਕਰ ਦਿੱਤਾ। ਚੰਦੂ ਨੇ ਭਰੀ ਸੰਗਤ ਵਿੱਚ ਪ੍ਰੋਹਤ ਨੂੰ ਆਖਿਆ ਕਿ "ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ ।" ਸਿੱਖਾਂ ਨੂੰ ਇਹ ਗੱਲ ਬਹੁਤ ਬੁਰੀ ਲੱਗੀ । ਉਨ੍ਹਾਂ ਨੇ ਗੁਰੂ ਜੀ ਨੂੰ ਲਿਖਤੀ ਬੇਨਤੀ ਭੇਜੀ ਕਿ ਇਹ ਰਿਸ਼ਤਾ ਨਾ ਲਿਆ ਜਾਵੇ । ਗੁਰੂ ਜੀ ਨੇ ਸੰਗਤਾਂ ਦਾ ਕਿਹਾ ਸਿਰ-ਮੱਥੇ ਮੰਨਿਆ ਅਤੇ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿੱਤਾ । ਚੰਦੂ ਨੇ ਬਹੁਤ ਕੋਸ਼ਿਸ਼ ਕੀਤੀ ਪਰ ਗੁਰੂ ਜੀ ਨਾ ਮੰਨੇ । ਇਸ ਕਰਕੇ ਚੰਦੂ ਗੁਰੂ-ਘਰ ਦਾ ਕੱਟੜ ਵਿਰੋਧੀ ਬਣ ਗਿਆ ਸੀ ।

**iv) ਨਕਸ਼ਬੰਦੀਆਂ ਦੀ ਕੱਟੜਤਾ**: ਨਕਸ਼ਬੰਦੀਆਂ ਦਾ ਆਗੂ ਮੌਲਾਣਾ ਸ਼ੇਖ ਅਹਿਮਦ ਸਰਹੰਦੀ ਸੀ । ਇਹ ਕੱਟੜਤਾ ਨਾਲ ਨੱਕੋ-ਨੱਕ ਭਰਿਆ ਪਿਆ ਸੀ ਅਤੇ ਆਪਣੇ-ਆਪ ਨੂੰ ਇਸਲਾਮ ਦਾ ਰਾਖਾ ਕਹਿੰਦਾ ਸੀ । ਉਹ ਹਿੰਦੂਆਂ ਅਤੇ ਸਿੱਖਾਂ ਦਾ ਕੱਟੜ ਵਿਰੋਧੀ ਸੀ । ਅਕਬਰ ਵੇਲੇ ਉਸਦੀ ਕੋਈ ਪੇਸ਼ ਨਾ ਗਈ। ਜਹਾਂਗੀਰ ਦੇ ਆਉਣ ਉੱਤੇ ਉਹ ਸਰਗਰਮ ਹੋ ਗਿਆ। ਉਹ ਮੁਰਤਜ਼ਾ ਖਾਂ, ਜਿਸਦੀ ਜਹਾਂਗੀਰ ਬਹੁਤ ਸੁਣਦਾ ਸੀ, ਨੂੰ ਚਿੱਠੀਆਂ ਲਿਖਦਾ ਰਹਿੰਦਾ ਸੀ ਕਿ ਇਸਲਾਮ ਦੀ ਇੱਜ਼ਤ ਕੁਫਰ ਅਤੇ ਕਾਫਰਾਂ ਦੀ ਖੁਆਰੀ ਵਿੱਚ ਹੈ। ਇਸਲਾਮ ਅਤੇ ਹਕੂਮਤ ਦੇ ਪੈਰ ਪੱਕੇ ਕਰਨ ਲਈ ਕਾਫਰਾਂ ਉੱਤੇ ਸਖ਼ਤੀ ਕਰਨੀ ਜ਼ਰੂਰੀ ਹੈ। ਉਸਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸ਼ੁਭ ਘਟਨਾ ਦਾ ਨਾਂ ਦਿੱਤਾ ਸੀ ਅਤੇ ਲਿਖਿਆ ਸੀ ਕਿ 'ਇਸ ਨਾਲ ਹਿੰਦੂਆਂ ਨੂੰ ਵੱਡੀ ਸ਼ਿਕਸਤ ਹੋਈ ਹੈ ਕਿਉਂਕਿ ਉਹ ਇਨ੍ਹਾਂ ਕਾਫਰਾਂ ਦਾ ਜਗਤ ਗੁਰੂ ਸੀ। ਇਸਲਾਮ ਦੇ ਪੈਰੋਕਾਰ ਆਪਣਾ ਫ਼ਰਜ਼ ਸਮਝਦੇ ਹੋਏ ਬਾਦਸ਼ਾਹ ਨੂੰ ਆਪਣੀ ਹਮਾਇਤ ਦਾ ਐਲਾਨ ਕਰਨ ਅਤੇ ਸ਼ਰ੍ਹਾ ਅਤੇ ਇਸਲਾਮ ਦੇ ਵਾਧੇ ਲਈ ਹੋਰ ਵਧ ਚੜ੍ਹ ਕੇ ਸਹਾਇਤਾ ਕਰਨ।' ਮੁਰਤਜ਼ਾਂ ਖਾਂ ਰਾਹੀਂ ਜਹਾਂਗੀਰ ਤਕ ਪਹੁੰਚੀਆਂ ਇਨ੍ਹਾਂ ਗੱਲਾਂ ਦਾ ਅਸਰ ਹੋਣਾ ਲਾਜ਼ਮੀ ਸੀ, ਜੋ ਗੁਰੂ-ਘਰ ਦੇ ਅਸਰ-ਰਸੂਖ ਤੋਂ ਪਹਿਲਾਂ ਹੀ ਔਖਾ ਸੀ । ਸੋ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਹਾਦਤ ਦਾ ਅਸਲ ਕਾਰਨ ਜਹਾਂਗੀਰ ਦੀ ਹਉਮੈਂ, ਮਜ਼੍ਹਬੀ ਕੱਟੜਤਾ ਅਤੇ ਈਰਖਾ ਸੀ ।



**v) ਖੁਸਰੋ ਦੀ ਬਗ਼ਾਵਤ** :- ਖੁਸਰੋ ਜਹਾਂਗੀਰ ਦਾ ਛੋਟਾ ਪੁੱਤਰ ਸੀ । ਉਹ ਗੁਰੂ-ਘਰ ਦਾ ਬਹੁਤ ਪ੍ਰਸ਼ੰਸਕ ਸੀ, ਕਿਉਂਕਿ ਆਪਣੇ ਦਾਦਾ ਅਕਬਰ ਨਾਲ ਉਹ ਕਈ ਵਾਰ ਦਰਸ਼ਨ ਕਰ ਚੁੱਕਾ ਸੀ । ਇਕ ਉਹ ਵੀ ਸਮਾਂ ਆਇਆ ਕਿ ਅਕਬਰ ਨੇ ਸਲੀਮ ਦੀ ਥਾਂ ਖੁਸਰੋ ਨੂੰ ਰਾਜ-ਗੱਦੀ ਦੇਣ ਦਾ ਫ਼ੈਸਲਾ ਕਰ ਲਿਆ ਸੀ। ਸਲੀਮ ਨੇ ਬਗ਼ਾਵਤ ਵੀ ਕੀਤੀ ਸੀ। ਹਾਲਾਤ ਨੇ ਅਚਾਨਕ ਮੋੜ ਲਿਆ ਅਤੇ ਅਕਬਰ ਨੇ ਆਖਿਰ ਸਲੀਮ ਦੇ ਸਿਰ ਉੱਤੇ ਹੀ ਤਖ਼ਤ-ਨਸ਼ੀਨੀ ਦੀ ਪੱਗ ਰੱਖੀ। ਖੁਸਰੋ ਅਤੇ ਸਲੀਮ ਦੀ ਆਪਸ ਵਿੱਚ ਨਹੀਂ ਬਣਦੀ ਸੀ । ਸੰਨ 1606 ਈ. ਦੇ ਸ਼ੁਰੂ ਵਿੱਚ ਹੀ ਉਸਨੇ, ਹੁਸੈਨ ਬੇਗ ਅਤੇ ਅਬਦੁਰ ਰਹੀਮ ਦੀ ਮਦਦ ਨਾਲ, 350 ਸਵਾਰਾਂ ਨਾਲ ਆਗਰਾ ਛੱਡਿਆ ਅਤੇ ਬਹਾਨਾ ਇਹ ਕੀਤਾ ਕਿ ਆਪਣੇ ਦਾਦਾ ਅਕਬਰ ਦੇ ਮਕਬਰੇ ਸਕੰਦਰੀਆ ਉੱਤੇ ਫੁੱਲ ਚੜ੍ਹਾਉਣ ਜਾ ਰਿਹਾ ਹੈ। ਜਹਾਂਗੀਰ ਨੂੰ ਉਸਦੀ ਨੀਤ ਉੱਤੇ ਸ਼ੱਕ ਹੋਇਆ ਅਤੇ ਉਸਨੇ ਆਪ ਪਿੱਛਾ ਕੀਤਾ। ਘਬਰਾਇਆ ਹੋਇਆ ਖੁਸਰੋ ਤਰਨ-ਤਾਰਨ ਪੁੱਜਾ। ਸਿੱਖ ਰਵਾਇਤ ਅਨੁਸਾਰ ਉਸਦਾ ਆਦਰ-ਮਾਣ ਕੀਤਾ ਗਿਆ ਅਤੇ ਮਰਯਾਦਾ ਅਨੁਸਾਰ ਅਸ਼ੀਰਵਾਦ ਵੀ ਦਿੱਤਾ ਗਿਆ ।

ਪ੍ਰੰਤੂ, ਲਾਹੌਰ ਪੁੱਜਣ ਤੋਂ ਪਹਿਲਾਂ ਹੀ ਖੁਸਰੋ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪਿਤਾ ਬਾਦਸ਼ਾਹ ਦੇ ਪੇਸ਼ ਕੀਤਾ ਗਿਆ । ਜਹਾਂਗੀਰ ਨੇ ਉਸਦੇ ਸਾਥੀਆਂ, ਹੁਸੈਨ ਬੇਗ ਅਤੇ ਅਬਦੁਰ ਰਹੀਮ ਨੂੰ ਗਾਂ ਦੀ ਖੱਲ ਵਿੱਚ ਮੜ੍ਹਕੇ ਗਧਿਆਂ ਉੱਤੇ ਜਲੂਸ ਕੱਢਣ ਦਾ ਹੁਕਮ ਦਿੱਤਾ।

**(ਅ) ਸ਼ਹਾਦਤ** :-

ਦੂਜੇ ਪਾਸੇ, ਜਹਾਂਗੀਰ ਨੂੰ ਬਹਾਨਾ ਮਿਲ ਗਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਸਕੇ। ਵਿਰੋਧੀਆਂ ਨੇ ਵੀ ਮੌਕੇ ਦਾ ਪੂਰਾ ਲਾਭ ਉਠਾਇਆ ਅਤੇ ਬਾਦਸ਼ਾਹ ਦੇ ਕੰਨ ਭਰੇ ਕਿ ਗੁਰੂ ਜੀ ਨੇ ਖੁਸਰੋ ਨੂੰ ਸਹਾਇਤਾ ਵੀ ਦਿੱਤੀ, ਅਸ਼ੀਰਵਾਦ ਵੀ ਅਤੇ ਮੱਥੇ ਉੱਤੇ ਰਾਜ ਤਿਲਕ ਵੀ ਲਾਇਆ ਸੀ । ਬਸ ਫਿਰ ਕੀ ਸੀ ? ਮੁਰਤਜ਼ਾਂ ਖਾਂ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਪੇਸ਼ ਕੀਤਾ ਜਾਏ । ਇਸ ਬਾਰੇ ਜਹਾਂਗੀਰ ਲਿਖਦਾ ਹੈ :

"ਮੈਂ ਉਸਦੀਆਂ ਕਾਫਰਾਨਾ ਚਾਲਾਂ ਨੂੰ ਅੱਗੇ ਹੀ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਦਿੱਤਾ ਕਿ ਉਸਨੂੰ ਹਾਜ਼ਰ ਕੀਤਾ ਜਾਏ ਤੇ ਮੈਂ ਉਸਦੇ ਘਰ-ਘਾਟ ਅਤੇ ਬੱਚੇ ਮੁਰਤਜ਼ਾਂ ਖਾਂ ਦੇ ਹਵਾਲੇ ਕਰ ਦਿੱਤੇ ਅਤੇ ਉਸਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸਨੂੰ ਤਸੀਹੇ ਦੇ-ਦੇ ਕੇ ਕਤਲ ਕਰਨ ।"

ਏਧਰ, ਗੁਰੂ ਜੀ ਵੀ ਜਾਣ ਗਏ ਸਨ ਕਿ ਅੱਗੋਂ ਕੀ ਹੋਣ ਵਾਲਾ ਹੈ। ਉਨ੍ਹਾਂ ਨੂੰ ਇਹ ਨਿਸ਼ਚਾ ਹੋ ਗਿਆ ਸੀ ਕਿ ਜਹਾਂਗੀਰ ਦੇ ਰਾਜ ਵਿੱਚ ਸਿੱਖੀ ਸੁਰੱਖਿਅਤ ਨਹੀਂ ਹੈ । ਲਾਹੌਰ ਜਾਣ ਤੋਂ ਪਹਿਲਾਂ ਉਨ੍ਹਾਂ ਬਾਬਾ ਬੁੱਢਾ, ਭਾਈ ਗੁਰਦਾਸ ਅਤੇ ਹੋਰ ਉੱਘੇ ਸਿੱਖਾਂ ਨੂੰ ਸੱਦ ਕੇ ਆਖਿਆ, "ਅੰਤ ਸਮਾਂ ਨੇੜੇ ਆਇਆ ਲੱਗਦਾ ਹੈ।" ਕੇਸਰ ਸਿੰਘ ਛਿੱਬਰ ਅਨੁਸਾਰ :

**ਸਿੱਖਾਂ ਨੂੰ ਕੀਤੀ ਸੁਪੁਰਦਿ,**
**ਹਰਿਗੋਬਿੰਦ ਦੀ ਬਾਂਹ ਪਕੜਾਈ ।**
**ਭਾਈ ਗੁਰਦਾਸ ਨੂੰ ਬੈਠ ਸਮਝਾਇਆ,**
**ਸਾਡਾ ਲਗੇਗਾ ਸੀਸ, ਇਹ ਨਿਸਚਾ ਆਇਆ ।**
**ਅਸਾਂ ਹੋਇਆ ਤੁਰਕਾਂ ਵਿਚ ਜਾਣਾ ।**
**ਉਨ੍ਹਾਂ ਕਰਨੀ ਹੈ ਹੁੱਜਤ,**
**ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾ ।**
**ਸਰੀਰ ਹੈ ਛੁੱਟਣਾ, ਸੰਸਾ ਨਹੀਂ ਕੋਈ ।**
**ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ ।**
**ਸਾਹਿਬ ਮੱਥਾ ਟੇਕਿ ਵਿਦਿਆ ਹੋਇ ਗਏ ।**
**ਦੁਸਟ-ਚਉਕੜੀ ਵਿਚ, ਆਵਤ ਭਏ ।**
**ਜੁਆਬ-ਸਵਾਲ ਬਹੁਤ ਹੀ ਹੋਇਆ,**
**ਭਏ ਕੈਦ, ਦੁੱਖ ਪਾਇਆ, ਸੁਖ ਖੋਇਆ ।**.........**ਬੰਸਾਵਲੀ ਨਾਮਾ**

ਜਹਾਂਗੀਰ ਨੇ ਹੁਕਮ ਤਾਂ ਦਿੱਤਾ ਕਿ ਗੁਰੂ ਜੀ ਨੂੰ ਮੇਰੇ ਸਾਹਮਣੇ ਹਾਜ਼ਰ ਕੀਤਾ ਜਾਵੇ, ਪਰ ਆਪ ਉਹ ਪਹਿਲਾਂ ਹੀ ਪਿਸ਼ਾਵਰ ਵੱਲ ਨੂੰ ਤੁਰ ਗਿਆ । ਲਾਹੌਰ ਪੁੱਜਣ ਉੱਤੇ ਗੁਰੂ ਜੀ ਉੱਤੇ ਇਲਜ਼ਾਮ ਲਾਇਆ ਗਿਆ ਕਿ ਉਨ੍ਹਾਂ ਬਾਗ਼ੀ ਸ਼ਹਿਜਾਦੇ ਖ਼ੁਸਰੋ ਦੀ ਮਦਦ ਕੀਤੀ ਸੀ। ਉਨ੍ਹਾਂ ਨੂੰ (ਗੁਰੂ) ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੱਮਦ ਸਾਹਿਬ ਦੀ ਖ਼ੁਸ਼ਾਮਦ ਦੇ ਸ਼ਬਦ ਦਰਜ ਕਰਨ ਲਈ ਵੀ ਆਖਿਆ ਗਿਆ। ਪਰ ਗੁਰੂ ਜੀ ਨੇ ਸ਼ਹਾਦਤ ਵਾਲਾ ਰਾਹ ਹੀ ਚੁਣਿਆ । ਗੁਰੂ ਸਾਹਿਬ ਨੂੰ *'**ਯਾਸਾ**' ਤਹਿਤ ਸਜ਼ਾ ਦਿੱਤੀ ਗਈ ।

ਮੁਰਤਜ਼ਾ ਖਾਂ ਨੇ ਇਸ ਨਿਰਦਈ ਕੰਮ ਲਈ ਦੀਵਾਨ ਚੰਦੂ ਨੂੰ ਲਗਾਇਆ । ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਕੰਮ ਚੰਦੂ, ਜੋ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਜੀ ਵੱਲੋਂ ਨਾ ਲੈਣ ਕਰਕੇ ਸਖ਼ਤ ਨਾਰਾਜ਼ ਸੀ, ਨੇ ਆਪਣਾ ਅਸਰ ਰਸੂਖ ਵਰਤ ਕੇ ਆਪਣੇ ਹੱਥ ਵਿੱਚ ਲੈ ਲਿਆ । ਇਹ ਵੀ ਕਿਹਾ ਜਾਂਦਾ ਹੈ ਕਿ ਚੰਦੂ ਨੇ ਗੁਰੂ ਜੀ



ਨੂੰ ਆਪਣੇ ਹਵਾਲੇ ਕਰਾਉਣ ਬਦਲੇ ਇਕ ਲੱਖ ਰੁਪਏ ਰਿਸ਼ਵਤ ਦਿੱਤੀ ਸੀ । ਗੱਲ ਕਿਵੇਂ ਵੀ ਹੋਵੇ, ਚੰਦੂ ਨੇ ਗੁਰੂ ਜੀ ਨੂੰ ਅਸਹਿ ਅਤੇ ਅਕਹਿ ਤਸੀਹੇ ਦਿੱਤੇ—ਪਹਿਲੇ ਦਿਨ ਅੰਨ-ਪਾਣੀ ਨਾ ਦਿੱਤਾ ਅਤੇ ਸੌਣ ਵੀ ਨਾ ਦਿੱਤਾ । ਪਰ ਗੁਰੂ ਜੀ ਨੂੰ ਤਾਂ ਨਾਮ ਦਾ ਆਸਰਾ ਸੀ । ਦੂਸਰੇ ਦਿਨ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾਇਆ ਅਤੇ ਬਾਹਰ ਕੱਢ ਕੇ ਤੱਤੀ ਰੇਤ ਸੀਸ ਉੱਤੇ ਪਾਈ ਗਈ । ਤੀਸਰੇ ਦਿਨ ਤੱਤੀ ਲੋਹ ਉੱਤੇ ਬਿਠਾ ਕੇ ਹੇਠਾਂ ਅੱਗ ਬਾਲੀ ਗਈ ਅਤੇ ਤੱਤੀ ਰੇਤ ਵੀ ਸੀਸ ਉੱਤੇ ਪਾਈ ਗਈ । ਦੇਗ 'ਚ ਉਬਾਲਣ, ਤੱਤੀ ਤਵੀ 'ਤੇ ਬਿਠਾਉਣ ਅਤੇ ਤੱਤੀ ਰੇਤ ਸੀਸ ਉੱਪਰ ਪਾਉਣ ਉਪਰੰਤ ਗੁਰੂ ਜੀ ਨੇ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਈ । ਪੰਜ ਸਿੱਖਾਂ ਨੂੰ ਪੰਦਰਾਂ, ਵੀਹ ਪਹਿਰੇਦਾਰਾਂ ਨਾਲ, ਗੁਪਤ ਰਸਤਿਓਂ ਰਾਵੀ ਦਰਿਆ ਉੱਤੇ ਭੇਜਿਆ ਗਿਆ । ਗੁਰੂ ਜੀ ਨੇ ਚੌਂਕੜਾ ਮਾਰ ਜਪੁਜੀ ਸਾਹਿਬ ਦਾ ਪਾਠ ਕੀਤਾ । ਉਪਰੰਤ, ਚਾਦਰਾ ਤਾਣ ਕੇ ਲੰਮੇ ਪੈ ਗਏ ਅਤੇ ਜੋਤ ਸਮਾ ਗਏ। ਗੁਰੂ ਜੀ ਦੀ ਇੱਛਾ ਅਨੁਸਾਰ, ਉਨ੍ਹਾਂ ਦੀ ਪਵਿੱਤਰ ਦੇਹ ਜਲ ਪ੍ਰਵਾਹ ਕਰ ਦਿੱਤੀ ਗਈ। ਇਸ ਤਰ੍ਹਾਂ ਗੁਰੂ ਜੀ, ਕਰਤਾਰ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ, *'ਗੁਰਮਤਿ ਦੇ ਨਿਯਮਾਂ ਦੀ ਰਾਖੀ ਕਰਦੇ ਹੋਏ ਅਤੇ ਸਤਯਪ੍ਰਤਿਗਯਾ ਦੀ ਕਸੌਟੀ ਉੱਤੇ ਸਿੱਖਾਂ ਨੂੰ ਅਚੱਲ ਰਹਿਣ ਦਾ ਸਬਕ ਦੱਸਣ ਲਈ' ਸ਼ਹੀਦ ਹੋ ਗਏ। ਇਹ ਭਾਣਾ ਇਕ ਹਾੜ, 1663 ਬਿ. (30 ਮਈ, 1606 ਈ.) ਨੂੰ ਵਾਪਰਿਆ । ਰਾਵੀ ਦਰਿਆ ਦੇ ਕਿਨਾਰੇ, ਜਿੱਥੇ ਗੁਰੂ ਜੀ ਦੇ ਮ੍ਰਿਤਕ ਸਰੀਰ ਨੂੰ ਜਲ ਪ੍ਰਵਾਹ ਕੀਤਾ ਗਿਆ, ਉੱਥੇ ਅਤੀ ਸੁੰਦਰ '**ਗੁਰਦੁਆਰਾ ਡੇਹਰਾ ਸਾਹਿਬ**' ਬਣਿਆ ਹੋਇਆ ਹੈ।

**ੲ) ਸ਼ਹਾਦਤ ਦੇ ਪ੍ਰਭਾਵ :-**

i) **ਸਿੱਖ ਲਹਿਰ ਪੁਰ-ਅਮਨ ਤੋਂ ਸ਼ਸਤਰ-ਬੱਧ ਹੋ ਗਈ:** ਗੁਰੂ ਨਾਨਕ ਸਾਹਿਬ ਦੀ ਸੋਚ ਸ਼ੁਰੂ ਤੋਂ ਹੀ ਸੱਚ, ਧਰਮ, ਪਿਆਰ, ਅਣਖ ਅਤੇ ਆਜ਼ਾਦੀ ਦੀ ਅਲਮ-ਬਰਦਾਰ (ਮੁਦਈ) ਸੀ । ਗੁਰੂ ਅਰਜਨ ਦੇਵ ਜੀ ਤਕ ਗੁਰੂ-ਘਰ ਵੱਲੋਂ ਸ਼ਾਂਤਮਈ ਢੰਗ ਨਾਲ ਇਸ ਸੋਚ ਉੱਤੇ ਪਹਿਰਾ ਦਿੱਤਾ ਜਾ ਰਿਹਾ ਸੀ। ਪ੍ਰੰਤੂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਇਹ ਪ੍ਰਗਟ ਕਰ ਦਿੱਤਾ ਕਿ ਜਹਾਂਗੀਰ ਆਪਣੇ ਪਿਤਾ, ਅਕਬਰ ਦੀ ਸਹਿਣ-ਸ਼ੀਲਤਾ ਦੀ ਨੀਤੀ ਵਿੱਚ ਵਿਸ਼ਵਾਸ ਨਹੀਂ ਰੱਖਦਾ ਬਲਕਿ ਹਕੂਮਤ ਦੇ ਨਸ਼ੇ ਵਿੱਚ ਕੁਛ ਜ਼ਿਆਦਾ ਹੀ ਅਭਿਮਾਨੀ, ਮੁਤਅੱਸਬੀ ਅਤੇ ਜ਼ਾਲਮ ਹੋ ਗਿਆ ਹੈ ਅਤੇ ਗੁਰੂ ਨਾਨਕ ਸਾਹਿਬ ਦੀ 'ਗ਼ਰੀਬ ਅਤੇ ਮਜ਼ਲੂਮ-ਪੱਖੀ ਪੁਰ ਅਮਨ ਲਹਿਰ' ਨੂੰ ਸਫਲ

ਬਨਾਉਣ ਲਈ ਹਥਿਆਰਾਂ ਦੀ ਓਟ ਲੈਣੀ ਹੀ ਪਵੇਗੀ । ਇਸ ਬਾਰੇ ਗੁਰੂ ਅਰਜਨ ਦੇਵ ਜੀ ਨੇ ਸਾਫ਼-ਸਾਫ਼ ਵੇਖ ਲਿਆ ਸੀ ਅਤੇ ਆਪਣੇ ਸਪੁੱਤਰ ਅਤੇ ਉੱਤਰਾਧਿਕਾਰੀ ਹਰਿਗੋਬਿੰਦ ਜੀ ਨੂੰ ਸਿੱਖਿਆ ਦਿੱਤੀ ਸੀ ਕਿ ਉਹ ਸ਼ਸਤਰ-ਬੱਧ ਹੋ ਕੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ।

ii) **ਵਿਰੋਧੀ ਜਜ਼ਬੇ ਦਾ ਉਭਾਰ**: ਗੁਰੂ ਜੀ ਦੀ ਸਹਾਦਤ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ, ਜਿਸ ਕਾਰਨ ਸਾਰੀ ਸਿੱਖ-ਕੌਮ ਹੀ ਗੁੱਸੇ ਨਾਲ ਭਰ ਗਈ ਕਿ ਜ਼ੋਰ-ਜ਼ਬਰ ਨੂੰ ਸ਼ਾਂਤੀ ਨਾਲ ਨਹੀਂ, ਹਥਿਆਰਾਂ ਨਾਲ ਹੀ ਨਜਿੱਠਣਾ ਚਾਹੀਦਾ ਹੈ।

iii) ਸਿੱਖ ਲਹਿਰ ਨੂੰ ਦਬਾਉਣ ਅਤੇ ਸਿੱਖਾਂ ਨੂੰ ਖੇਰੂੰ-ਖੇਰੂੰ ਕਰਨ ਲਈ ਹਕੂਮਤ ਵੱਲੋਂ ਸਖਤੀ ਦਾ ਦੌਰ ਚਲਾਇਆ ਗਿਆ ਜਿਸ ਵਿਚ ਗ੍ਰਿਫ਼ਤਾਰੀਆਂ ਕਰਨੀਆਂ, ਘਰ-ਘਾਟ ਜ਼ਬਤ ਕਰਨੇ, ਜੁਰਮਾਨੇ ਕਰਨੇ, ਸਜ਼ਾਵਾਂ ਦੇਣੀਆਂ, ਆਦਿ ਸ਼ਾਮਿਲ ਸੀ ।

iv) ਹਕੂਮਤੀ ਸਖਤੀਆਂ ਦੇ ਦੋ ਹੀ ਸਿੱਟੇ ਨਿਕਲਣੇ ਸਨ ਜਾਂ ਤਾਂ ਕੌਮ ਦਬ ਜਾਂਦੀ ਅਤੇ ਜਾਂ ਡਟ ਜਾਂਦੀ । ਪ੍ਰੰਤੂ, ਜਿੱਥੇ ਗੁਰੂ ਨਾਨਕ ਸਾਹਿਬ ਨੇ ਸਿੱਖਿਆ ਦਿੱਤੀ ਸੀ ਕਿ ਜੀਣਾ ਅਣਖ ਨਾਲ ਚਾਹੀਦਾ ਹੈ, ਓਥੇ ਗੁਰੂ ਅਰਜਨ ਸਾਹਿਬ ਦੀ ਕੁਰਬਾਨੀ ਨੇ ਅਣਖੀਲੇ ਜੀਵਨ ਦੇ ਅਰਥ ਹੀ ਸਮਝਾ ਦਿੱਤੇ ਸਨ, ਜਿਸਦੇ ਫਲਸਰੂਪ ਕੌਮ ਡਟ ਗਈ ਅਤੇ ਹੱਸ-ਹੱਸ ਕੇ ਤਸੀਹੇ ਸਹਿਣ ਲੱਗੀ ਅਤੇ ਕੁਰਬਾਨੀਆਂ ਦੇਣ ਲੱਗੀ ।

v) ਗੁਰੂ ਜੀ ਦੀ ਸ਼ਹਾਦਤ ਸਿੱਖ ਧਰਮ ਦੀ ਵੱਖਰੀ ਸ਼ਨਾਖ਼ਤ ਦੀ ਰਾਖੀ ਦਾ ਆਧਾਰ ਹੋ ਨਿਬੜੀ ਅਤੇ ਸਿੱਖਾਂ ਵਿੱਚ 'ਸੰਤ' ਦੇ ਨਾਲ 'ਸਿਪਾਹੀ' ਦਾ ਸੰਕਲਪ ਪ੍ਰਵੇਸ਼ ਕਰ ਗਿਆ ।

vi) ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਸ ਸ਼ਹਾਦਤ ਦਾ ਹੀ ਸਿੱਟਾ ਸੀ ।

**14. ਸ਼ਹਾਦਤ ਪ੍ਰਤੀ ਇਤਿਹਾਸਕਾਰਾਂ ਦੇ ਵਿਚਾਰ :-**

**1) ਐਮ.ਏ.ਮੈਕਾਲਿਫ**:- ਇਸ ਤਰ੍ਹਾਂ, ਗੁਰੂ ਅਰਜਨ ਦੇਵ ਜੀ, ਆਪਣੀ ਪਵਿੱਤ੍ਰ ਸ਼ਖ਼ਸੀਅਤ, ਹਿੰਦੂਆਂ ਅਤੇ ਮੁਸਲਮਾਨਾਂ ਦਾ ਧਰਮ ਬਦਲੀ ਕਰਨ, ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਅਤੇ ਆਪਣੇ ਮਿੱਤ੍ਰਤਾ-ਪੂਰਨ ਸਹਾਇਕ (ਅਰਥਾਤ ਅਕਬਰ ਬਾਦਸ਼ਾਹ) ਦੇ ਪੋਤਰੇ ਦੀ ਸਹਾਇਤਾ ਕਰਨ ਦੇ ਦੋਸ਼ ਕਾਰਨ, ਇਕ ਮੁਸਲਮਾਨ ਸ਼ਹਿਨਸ਼ਾਹ ਦੀ ਉਲਾਰ ਮਾਨਸਿਕਤਾ ਅਤੇ ਬਰਬਰਤਾ ਦਾ ਸ਼ਿਕਾਰ ਹੋਏ।



(Thus did Guru Arjan for his sanctity, his conversion of Hindus and Mohammadas his compilation of the Granth Sahib and his assistance to the grandson of his former benefactor, fall a victim to the bigotry and inhumanity of a Mohammadan emperor.

i) ਇਕ ਸਮਕਾਲੀ ਪਾਦਰੀ ਲਿਖਦਾ ਹੈ, "ਹੱਦੋਂ ਵੱਧ ਸ਼ਰਾਬ ਪੀਣ ਨਾਲ ਜਹਾਂਗੀਰ ਦੀ ਦਿਮਾਗ਼ੀ ਹਾਲਤ ਵਿਗੜ ਗਈ ਸੀ ।...... ਜਦੋਂ, ਜਹਾਂਗੀਰ ਦੇ ਹੁਕਮ ਨਾਲ, ਗੁਰੂ ਅਰਜਨ ਜੀ ਨੂੰ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਮੈਂ ਉੱਥੇ (ਲਾਹੌਰ) ਮੌਜੂਦ ਸਾਂ । ਮੈਂ ਕਈ ਵੇਰ ਗੁਰੂ ਜੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਮੈਨੂੰ ਮਿਲਣ ਨਾ ਦਿੱਤਾ ਗਿਆ । ਜਹਾਂਗੀਰ ਨੂੰ ਕਾਜ਼ੀਆਂ ਅਤੇ ਖ਼ੁਸ਼ਾਮਦੀਆਂ ਨੇ ਹੀ ਗੁਮਰਾਹ ਕੀਤਾ ਸੀ। ਇਨ੍ਹਾਂ ਜਹਾਂਗੀਰ ਨੂੰ ਬਦਨਾਮ ਕਰਾਇਆ ਅਤੇ ਇਕ ਮਹਾਨ ਪੁਰਸ਼ ਦੀ ਮੌਤ ਦਾ ਕਾਰਨ ਬਣੇ ।"

ii) ਡਾਕਟਰ ਗੋਕਲ ਚੰਦ ਨਾਰੰਗ ਲਿਖਦਾ ਹੈ, "ਸਿੱਖਾਂ ਉੱਤੇ ਤਸੀਹਿਆਂ ਦਾ ਕਾਂਡ ਗੁਰੂ ਅਰਜਨ ਜੀ ਦੀ ਸ਼ਹਾਦਤ ਨਾਲ ਹੀ ਆਰੰਭ ਹੋਇਆ । ਗੁਰੂ ਜੀ ਦੀ ਸ਼ਹਾਦਤ ਉਪਰੰਤ, ਅਸੀਂ ਸਿੱਖ ਇਤਿਹਾਸ ਵਿੱਚ ਹਕੂਮਤ ਵੱਲੋਂ ਦਿੱਤੇ ਡਰਾਵਿਆਂ, ਜੁਰਮਾਨਿਆਂ, ਗ੍ਰਿਫ਼ਤਾਰੀਆਂ, ਘਰ-ਘਾਟ ਜ਼ਬਤ ਕਰਨ, ਤਸੀਹੇ ਦੇਣ, ਸੂਲੀ ਚਾੜ੍ਹਨ, ਕਤਲੇਆਮ ਕਰਨ, ਬੰਦ-ਬੰਦ ਕੱਟਣ, ਆਰਿਆਂ ਨਾਲ ਚੀਰਨ, ਚਰਖੜੀਆਂ 'ਤੇ ਚਾੜ੍ਹਨ ਦਾ ਵਰਣਨ ਨਿਤ ਪੜ੍ਹਦੇ ਹਾਂ । ਜਜ਼ਬਾ ਇਤਨਾ ਭਰ ਦਿੱਤਾ ਗਿਆ ਸੀ ਕਿ ਸਿੱਖ ਹੱਸ-ਹੱਸ ਤਸੀਹੇ ਝੱਲਦੇ ਪਰ ਸਿੱਖੀ ਨੂੰ ਆਂਚ ਨਾ ਆਉਣ ਦਿੰਦੇ।......ਇਹ ਕਰਾਮਾਤ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੈ, ਪਰਜਾ ਦਾ ਰੰਗ ਹੀ ਬਦਲ ਗਿਆ ।"

**iii) ਇਕ ਪੁਤਰਗਾਲੀ ਪਾਦਰੀ ਸੇਂਟ ਜੈਰੋਮ ਜ਼ੇਵੀਯਰ ਨੇ 25 ਸਤੰਬਰ, 1606 ਈ. ਨੂੰ, ਸ਼ਹਾਦਤ ਤੋਂ ਚਾਰ ਕੁ ਮਹੀਨੇ ਬਾਅਦ, ਲਾਹੌਰ ਤੋਂ ਲਿਖਿਆ, "ਰੋਜ਼ ਨਵੇਂ ਸੂਰਜ ਇਸ ਮਹਾਂਪੁਰਸ਼ (ਗੁਰੂ ਅਰਜਨ ਦੇਵ ਜੀ) ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ । ਫਿਰ ਹੁਕਮ ਭੇਜਿਆ ਕਿ ਹੋਰ ਜ਼ੁਲਮ ਢਾਹੋ । ਖਾਣਾ ਤਕ ਨਾ ਦਿੱਤਾ । ਹਜ਼ਾਰਾਂ ਹੀ ਢੰਗਾਂ ਨਾਲ ਅਨਾਦਰ ਕੀਤਾ । ਇਸ ਤਰ੍ਹਾਂ ਜ਼ੁਲਮਾਂ, ਤਸੀਹਿਆਂ ਅਤੇ ਅਨਾਦਰਾਂ ਨੂੰ ਨਾ ਸਹਾਰਦੇ ਹੋਏ ਨੇਕ ਗੁਰੂ ਜੀ ਦੀ ਸ਼ਹੀਦੀ ਹੋ ਗਈ ।"**

ਲਾਹੌਰ ਕਿਲ੍ਹੇ ਦੇ ਸਾਹਮਣੇ ਰਾਵੀ ਦੇ ਕੰਢੇ ਗੁਰਦੁਆਰਾ ਡੇਹਰਾ

ਸਾਹਿਬ ਵਿੱਚ ਹੇਠਾਂ ਲਿਖਿਆ ਸ਼ਬਦ ਦੱਸਦਾ ਹੈ ਕਿ ਗੁਰੂ ਜੀ ਦੀ ਸ਼ਹਾਦਤ ਸਦਕਾ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਅਤੇ ਵਡਿਆਈ ਸਾਰੀ ਦੁਨੀਆਂ ਵਿੱਚ ਫੈਲ ਗਈ :

**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥**
**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥**
**(ਅੰਗ ੬੧੧)**

**15. ਗੁਰ-ਗੱਦੀ:-** ਜਹਾਂਗੀਰ ਦੇ ਬੁਲਾਵੇ ਉੱਤੇ ਲਾਹੌਰ ਜਾਣ ਲੱਗੇ ਗੁਰੂ ਜੀ ਉੱਘੇ ਸਿੱਖਾਂ ਨੂੰ ਆਗਿਆ ਕਰ ਗਏ ਸਨ ਕਿ ਹਰਿਗੋਬਿੰਦ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਜਾਵੇ । **ਇਹ ਰਸਮ 25 ਮਈ, 1606 ਈ. ਨੂੰ ਕੀਤੀ ਗਈ ਸੀ ।**

੧੬. ਸਮਕਾਲੀਨ ਹੁਕਮਨਾਮਾ :-

i) ਅਕਬਰ- (1556-1605 ਈ.)
ii) ਜਹਾਂਗੀਰ- (1605-1626 ਈ.)

**ਮੁਖਤਾਰ ਸਿੰਘ ਗੁਰਾਇਆ,**
**ਆਨਰੇਰੀ ਸਕੱਤਰ,**
**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਰਲ ਸੁਸਾਇਟੀ (ਰਜਿ.)**
**ਅੰਮ੍ਰਿਤਸਰ**



# ਸ੍ਰੀ ਗੁਰੂ ਅਰਜਨ ਦੇਵ ਜੀ

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਧੰਨ ਤੇਰੀ ਕੁਰਬਾਨੀ ।
ਦੇਸ਼ ਕੌਮ ਦੇ ਲੇਖੇ ਲਾਈ, ਤੂੰ ਸਾਰੀ ਜ਼ਿੰਦਗਾਨੀ ।
ਸ੍ਰੀ ਹਰਿਮੰਦਰ ਸਭ ਦਾ ਸਾਂਝਾ, ਜਦ ਸੀ ਤੂੰ ਬਣਵਾਇਆ ।
ਸਾਈਂ ਮੀਆਂ ਮੀਰ ਦੇ ਕੋਲੋਂ, ਨੀਂਹ ਪੱਥਰ ਰਖਵਾਇਆ ।
ਸੇਵਕ ਨੂੰ ਹਰ ਬਖ਼ਸ਼ਿਸ਼ ਕਰਕੇ, ਤੂੰ ਦਾਤਾ ਵਡਿਆਇਆ ।
ਨਾਲ ਗਲੇ ਦੇ ਲਾਇਆ ਸਭ ਨੂੰ, ਜੋ ਤੇਰੇ ਦਰ ਆਇਆ ।
ਧੰਨ ਮਾਤਾ ਜਿਸ ਜਾਇਆ ਤੈਨੂੰ, ਧੰਨ ਉਹ ਬੀਬੀ ਭਾਨੀ ।
ਧੰਨ ਗੁਰੂ ਅਰਜਨ ਦੇਵ ਜੀ ਧੰਨ ਤੂੰ, ਧੰਨ ਤੇਰੀ ਕੁਰਬਾਨੀ ।
ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ, ਬੀੜ ਤੂੰ ਜਦੋਂ ਬਣਾਈ ।
ਬਾਣੀ ਸ਼ਾਮਿਲ ਕਰਕੇ ਦਿੱਤੀ, ਭਗਤਾਂ ਨੂੰ ਵਡਿਆਈ ।
ਸਦੀਆਂ ਤੋਂ ਦੀਵਾਰ ਖੜ੍ਹੀ ਸੀ, ਊਚ-ਨੀਚ ਦੀ ਢਾਹੀ ।
ਉਸਤਤ ਕਰ ਨਹੀਂ ਸਕਦਾ, ਜਿਹੜੀ ਤੇਰੇ ਹਿੱਸੇ ਆਈ ।
ਸੁੱਖਾਂ ਦੀ ਮਣੀ ਸੁਖਮਨੀ ਸਾਹਿਬ, ਰਚਨਾ ਦਾ ਤੂੰ ਬਾਨੀ ।
ਧੰਨ ਗੁਰੂ ਅਰਜਨ ਦੇਵ ਜੀ ਧੰਨ ਤੂੰ, ਧੰਨ ਤੇਰੀ ਕੁਰਬਾਨੀ ।
ਤੇਰੀ ਜੋਤ ਇਲਾਹੀ ਵੰਡੇ, ਸਭ ਨੂੰ ਗੱਫੇ ਖੁੱਲ੍ਹੇ ।
ਸੁਖ-ਸ਼ਾਂਤੀ ਦੀ ਪੌਣ ਰੁਮਕਦੀ, ਸਭ ਲਈ ਸਾਂਝੀ ਝੁੱਲੇ ।
ਗੁਰਬਾਣੀ ਦੇ ਬੋਲ ਜਦੋਂ, ਸੁਣ ਲੈਂਦੇ ਨੇ ਵੱਡਮੁੱਲੇ ।
ਤੇਰੇ ਦਰ ਤੋਂ ਸ਼ਾਂਤੀ ਲੈਂਦੇ, ਸੌ ਰਾਹਾਂ ਦੇ ਭੁੱਲੇ ।
ਬਖ਼ਸ਼ਾਉਂਦੇ ਭੁਲਾਂ ਦਰ ਤੇਰੇ ਤੋਂ, ਜਿਹੜੇ ਕਰਨ ਨਾਦਾਨੀ ।
ਧੰਨ ਗੁਰੂ ਅਰਜਨ ਦੇਵ ਜੀ ਧੰਨ ਤੂੰ, ਧੰਨ ਤੇਰੀ ਕੁਰਬਾਨੀ ।
ਸੰਗਤ ਸਾਂਜੀ ਪੰਗਤ ਸਾਂਝੀ, ਇਹ ਤੇਰਾ ਵਰਤਾਰਾ ।
ਰਾਜੇ ਰਾਣੇ ਚੱਲ ਕੇ ਆਏ, ਵੇਖਣ ਅਜ਼ਬ ਨਜ਼ਾਰਾ ।
ਹਿੰਦੂ ਮੁਸਲਿਮ ਸਿੱਖ ਈਸਾਈ, ਸਭ ਲਈ ਸਾਂਝਾ ਨਾਅਰਾ ।
ਭਲਾ ਮੰਗੇ ਸਰਬੱਤ ਦਾ, ਤੇਰੇ ਸਿੱਖਾਂ ਦਾ ਜੈਕਾਰਾ ।
ਤੇਰੇ ਪਰਉਪਕਾਰ ਦਾ ਵਰਣਨ, ਹੋ ਨਾ ਸਕੇ ਜ਼ਬਾਨੀ ।
ਧੰਨ ਗੁਰੂ ਅਰਜਨ ਦੇਵ ਜੀ ਧੰਨ ਤੂੰ, ਧੰਨ ਤੇਰੀ ਕੁਰਬਾਨੀ ।

ਚੰਦੂ ਪਾਪੀ ਸਿਦਕ ਪਰਖਿਆ, ਭਰ ਗਰਮੀ ਦੀ ਰੁੱਤੇ ।
ਤੂੰ ਪਾਤਸ਼ਾਹ ਲਾਇਆ ਚੌਂਕੜਾ, ਤੱਤੀ ਤਵੀ ਦੇ ਉੱਤੇ ।
ਧਰਤੀ ਮਾਰੀਆਂ ਭੁੱਬਾਂ, ਤੱਕ ਕੇ ਅੰਬਰ ਸੀ ਕੁਰਲਾਇਆ ।
ਤੇਰਾ ਕੀਆ ਮੀਠਾ ਲਾਗੈ, ਤੂੰ ਮੁੱਖੋਂ ਫ਼ੁਰਮਾਇਆ ।
ਜ਼ੁਲਮ ਕਰਦਿਆਂ ਪੂਰੀ ਕੀਤੀ, ਜ਼ਾਲਿਮ ਨੇ ਮਨ-ਮਾਨੀ ।
ਧੰਨ ਗੁਰੂ ਅਰਜਨ ਦੇਵ ਜੀ ਧੰਨ ਤੂੰ, ਧੰਨ ਤੇਰੀ ਕੁਰਬਾਨੀ ।
ਬਲੀਦਾਨ ਤੇਰੇ ਤੋਂ ਬਾਅਦਾ, ਯੁਗ ਨਵਾਂ ਸੀ ਆਇਆ ।
ਤੇਰੇ ਸਿੱਖਾਂ ਇਕੱਠਾ ਕੀਤਾ, ਤਾਕਤ ਦਾ ਸਰਮਾਇਆ ।
ਸ਼ਸਤ੍ਰਧਾਰੀ ਹੋ ਕੇ ਉਨ੍ਹਾਂ, ਕਰਤੱਵ ਉਹ ਵਿਖਾਇਆ ।
ਜੰਗਾਂ ਲੜਕੇ ਮੁਗ਼ਲ ਰਾਜ ਦਾ, ਜ਼ੁਲਮੀਂ ਤਖ਼ਤ ਹਿਲਾਇਆ ।
ਤੋਬਾ ਤੋਬਾ 'ਦਲੇਰ' ਸੀ ਕਰਦੇ, ਸਭੇ ਮੁਗ਼ਲ ਦੁਰਾਨੀ ।
ਧੰਨ ਗੁਰੂ ਅਰਜਨ ਦੇਵ ਜੀ ਧੰਨ ਤੂੰ, ਧੰਨ ਤੇਰੀ ਕੁਰਬਾਨੀ ।

ਇਤਿਹਾਸਕਾਰ ਏ. ਐੱਸ. 'ਦਲੇਰ'
ਗਲੀ ਨੰ : 5, ਡਰੱਮਾਂ ਵਾਲਾ ਬਜ਼ਾਰ,
ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ ।
M: 9780353624



## ਪੰਜਵੇਂ ਪਾਤਸ਼ਾਹ ਜੀ ਦੀ ਸ਼ਹਾਦਤ

ਤਵੀ ਲਾਲ ਹੋਈ ਕਹਿੰਦੀ,
ਗੁਰੂ ਅਰਜਨ ਦੇਵ ਸੁਣੋ ਗੱਲ ਮੇਰੀ ।
ਮੈਂ ਠੰਡੜੀ ਹੋ ਕੇ ਹੀ,
ਚਾਹੁੰਦੀ ਸੇਵ ਕਮਾਉਣੀ ਤੇਰੀ ।
ਗੁਰੂ ਪੰਜਵੇਂ ਕਹਿਣ ਲੱਗੇ,
ਤਵੀਏ ਗਰਮ ਹੋਣਾ ਕੰਮ ਤੇਰਾ ।
ਉਹਦੇ ਭਾਣੇ ਵਿੱਚ ਰਹਿ ਕੇ,
ਰੱਖਣਾ ਸ਼ਾਂਤ ਸੁਭਾਅ ਕੰਮ ਮੇਰਾ ।
ਅੱਗ ਤਵੀ ਦੇ ਹੇਠ ਬਲੇ,
ਉੱਠਦੀ ਬਣ ਬਣ ਅੱਗ ਦੇ ਸ਼ੋਅਲੇ ।
ਤੱਤੀ ਤਵੀ 'ਤੇ ਬਹਿਣ ਲੱਗੇ,
ਗੁਰੂ ਜੀ ਰਤਾ ਮੂਲ ਨਾ ਡੋਲੇ ।
ਉਸ ਚੰਦੂ ਚੰਦਰੇ ਨੇ,
ਕੀਤਾ ਇਹ ਨਹੀ ਕੰਮ ਚੰਗੇਰਾ ।
ਉਹਦੇ ਭਾਣੇ ਵਿੱਚ ਰਹਿ ਕੇ,
ਰੱਖਣਾ ਸ਼ਾਂਤ ਸੁਭਾਅ ਕੰਮ ਮੇਰਾ ।
ਨਹੀਂ ਝੁਕਣਾ ਜ਼ੁਲਮ ਅੱਗੇ,
ਰਹਿ ਕੇ ਸ਼ਾਂਤ ਜ਼ੁਲਮ ਨੂੰ ਸਹਿਣਾ ।
ਉਸ ਮਾਲਕ ਦੇ ਦਰ ਤੋਂ,
ਸਿੱਖਿਆ ਵਿੱਚ ਰਜ਼ਾ ਦੇ ਰਹਿਣਾ ।
ਜੇ ਜਹਾਂਗੀਰੀ ਜ਼ੁਲਮ ਮੁੱਕੇ,
ਤਾਹੀਉਂ ਨਿਕਲੇ ਸੋਨ ਸਵੇਰਾ ।
ਉਹਦੇ ਭਾਣੇ ਵਿੱਚ ਰਹਿ ਕੇ,
ਰੱਖਣਾ ਸ਼ਾਂਤ ਸੁਭਾਅ ਕੰਮ ਮੇਰਾ ।
ਸਾਈਂ ਮੀਆਂ ਮੀਰ ਕਹਿੰਦੇ,

ਬੋਲੋ ਕਰਾਮਾਤ ਦਿਖਲਾਵਾਂ ।
ਧਰਤੀ ਨੂੰ ਅੰਬਰ 'ਤੇ,
ਅੰਬਰ ਧਰਤੀ ਹੇਠ ਕਰਾਵਾਂ ।
ਗੁਰੂ ਪੰਜਵੇਂ ਕਹਿਣ ਲੱਗੇ,
ਇਹ ਨਹੀਂ ਕੰਮ ਸਾਈਂ ਜੀ ਤੇਰਾ ।
ਉਹਦੇ ਭਾਣੇ ਵਿੱਚ ਰਹਿ ਕੇ,
ਰੱਖਣਾ ਸ਼ਾਂਤ ਸੁਭਾਅ ਕੰਮ ਮੇਰਾ ।
ਹੇਠੋਂ ਤਪਸ਼ ਤਵੀ ਦੀ ਸੀ,
ਤੱਤੀ ਰੇਤ ਸੀਸ 'ਤੇ ਪੈਂਦੀ ।
ਜਿਹੜੀ ਅੱਖ ਤੱਕ ਲੈਂਦੀ ਸੀ,
ਹੰਝੂ ਵਗੇ ਬਿਨਾਂ ਨਾ ਰਹਿੰਦੀ ।
ਭਾਵੇਂ ਛਾਲੇ ਜਿਸਮ ਹੋਇਆ,
'ਜੱਸਿਆ' ਸ਼ਾਂਤ ਨੂਰਾਨੀ ਚੇਹਰਾ ।
ਉਹਦੇ ਭਾਣੇ ਵਿੱਚ ਰਹਿ ਕੇ,
ਰੱਖਣਾ ਸ਼ਾਂਤ ਸੁਭਾਅ ਕੰਮ ਮੇਰਾ ।

**ਜੈ ਸਿੰਘ 'ਜੱਸਾ'**
**ਪ੍ਰਸ਼ਾਸ਼ਕ (ਮਾਨਾਂਵਾਲਾ ਬ੍ਰਾਂਚ)**
**ਪਿੰਗਲਵਾੜਾ ਅੰਮ੍ਰਿਤਸਰ**
**M: 99150-38294, 9781401142**

•❋••❋•



# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ । ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ । ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ । ਭਗਤ ਜੀ ਤੋਂ ਬਾਅਦ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਸੇਵਾ ਸਦਕਾ ਪਿੰਗਲਵਾੜਾ ਸੰਸਥਾ ਇਕ ਗੌਰਵਪੂਰਨ ਸੰਸਥਾ ਦੇ ਤੌਰ 'ਤੇ ਦੇਸ਼-ਵਿਦੇਸ਼ਾਂ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1764 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

## ਮੁਫ਼ਤ ਵਿਦਿਅਕ ਸਹੂਲਤਾਂ:

ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।

ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।

ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ , ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਕਟੌਰਾ ਫਿਰੋਜ਼ਪੁਰ।

ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ ਕੰਪਲੈਕਸ,ਅੰਮ੍ਰਿਤਸਰ।

ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ , (ਪਲਸੋਰਾ) ਚੰਡੀਗੜ੍ਹ।

ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1764 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ।

**30 ਅਪ੍ਰੈਲ 2017 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ** :

| | | | |
|---|---|---|---|
| ਮਾਨਸਿਕ ਰੋਗੀ | -396 | ਏਡਜ਼ ਵਾਲੇ | -18 |
| ਅਧਰੰਗ/ਪੋਲੀਏ ਵਾਲੇ | -159 | ਮਿਰਗੀ ਵਾਲੇ | -208 |
| ਮੰਦ-ਬੁੱਧੀ ਵਾਲੇ | -378 | ਕੈਂਸਰ ਵਾਲੇ | -01 |
| ਗੁੰਗੇ ਬੋਲੇ | -157 | ਸ਼ੂਗਰ ਵਾਲੇ | -80 |
| ਬਜ਼ੁਰਗ | -146 | ਸਕੂਲ ਜਾਣ ਵਾਲੇ ਬੱਚੇ | -100 |
| ਜ਼ਖ਼ਮਾਂ ਵਾਲੇ | -34 | ਛੱਡੇ ਗਏ ਬੱਚੇ | -07 |
| ਟੀ.ਬੀ. ਵਾਲੇ | -17 | ਠੀਕ ਹੋ ਚੁੱਕੇ ਰੋਗੀ | -22 |
| ਨੇਤਰਹੀਣ | -41 | ਕੁੱਲ ਜੋੜ | ***1764** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।



| ਬ੍ਰਾਂਚਾਂ ਦਾ ਵੇਰਵਾ : | ਰੋਗੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 374 |
| 2. ਮਾਨਾਂਵਾਲਾ ਕੰਪਲੈਕਸ | 854 |
| 3. ਪੰਡੋਰੀ ਵੜੈਚ ਬ੍ਰਾਂਚ | 82 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 94 |
| **ਕੁੱਲ ਮਰੀਜ਼** | **1764** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ ਸਾਲਾਨਾ ਖ਼ਰਚ **ਇੱਕ ਕਰੋੜ ਤੀਹ ਲੱਖ** ਰੁਪਏ ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸਾਲ 2016 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 195 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ, ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

(ਹ) **ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8757 (ਰਜਿ:) ’ਚੋਂ 8137 ਲੋੜਵੰਦ ਲਾਭ ਉਠਾ ਚੁੱਕੇ ਹਨ ।

(ਕ) **ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।

(ਖ)**ਫਿਜ਼ਿਓਥਰੈਪੀ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

(ਗ) **ਅਲਟਰਾਸਾਉਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

(ਘ) **ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

(**ਙ**) ਭਗਤ ਪੂਰਨ ਸਿੰਘ ਜੀ ਦੀ ਬਰਸੀ ਸਮਾਗਮ ਮੌਕੇ ੩੧ ਜੁਲਾਈ ੨੦੧੯ ਨੂੰ ‘**Cancer Roko Charitable Trust, London**’ ਵੱਲੋਂ ਮੁਫ਼ਤ ਕੈਂਸਰ ਦਾ ਕੈਂਪ ਅਤੇ ਪਿੰਗਲਵਾੜਾ ਸੰਸਥਾ ਵੱਲੋਂ ਮੁਫ਼ਤ ਮੈਡੀਕਲ ਕੈਂਪ ਮਾਨਾਂਵਾਲਾ ਕੰਪਲੈਕਸ ਵਿਖੇ ਲਗਾਇਆ ਗਿਆ ।

**ਵਾਤਾਵਰਨ** :

(**ੳ**) **ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ ‘**ਮਾਰੂਥਲ ਬਣਨ**’ ਤੇ ‘**ਭੂ-ਖੋਰ**’ ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ



ਹੋਰ ਜਨਤਕ ਥਾਵਾਂ ’ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ** :

(**ੳ**) **ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ**: ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 771 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ ’ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 96 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

(**ਅ**) **ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ)**:

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ । ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 461 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

(**ੲ**) **ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 169 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ ‘**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**’ ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

(**ਸ**) **ਗੂੰਗੇ ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 180 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

(ਹ)**ਕਿੱਤਾਕਾਰੀ ਸਿੱਖਿਆ**:- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

(**ਕ**) **ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ

ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

**ਹੋਸਟਲ ਦਾ ਪ੍ਰਬੰਧ** : ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 198 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 13 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 40 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ । ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। 2010 ਵਿੱਚ, ਲਦਾਖ ਵਿੱਚ ਹੜ੍ਹ



ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ**: ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ**: ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ' ।

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ— 'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours

(ਖ) Natural Farming (ਗ) ਪਾਣੀ ਦੀ ਸਮੱਸਿਆ (ਘ) ਰੁੱਖ

(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਿਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ

ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ** :- ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ **4 ਜੂਨ, 2004** ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ**: ਮਾਨਾਂਵਾਲਾ ਕੰਪਲੈਕਸ ਵਿੱਚ ਇਕ ਨਵੀਂ ਗਊਸ਼ਾਲਾ ਦਾ ਨਿਰਮਾਣ ਕੀਤਾ ਗਿਆ ਹੈ । ਇਸ ਵਿੱਚ 120 ਦੁਧਾਰੂ ਪਸ਼ੂ ਹਨ ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

**ਉਸਾਰੀ ਅਧੀਨ ਯੋਜਨਾਵਾਂ** : ਸਾਲ 2013 ਤੋਂ ਸ਼ੁਰੂ ਕੀਤਾ ਗਿਆ ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ (ਮੰਦ-ਬੁੱਧੀ) ਸਪੈਸ਼ਲ ਬੱਚਿਆਂ ਲਈ ਸਕੂਲ ਬਣ ਕੇ ਤਿਆਰ ਹੋ ਗਿਆ ਹੈ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ-ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act.) ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਿਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਪੁਛ ਗਿਛ ਲਈ ਕਰਨਲ ਦਰਸ਼ਨ ਸਿੰਘ ਬਾਵਾ,**

**ਮੁੱਖ ਪ੍ਰਸ਼ਾਸਕ 98145-35937**



**Details of Banks For Sending Donation Through Online Cheque/Draft, Cheque & Bank Drafts may be sent in favour of : All India Pingalwara Charitable Society (Regd.), Amritsar. PAN No. AAATA2237R**

| S. No. | Name of Account | A/C No. | Name of the Bank | IFS Code for Inland Remittance | Swift Code for Foreign Inland Remittance |
|---|---|---|---|---|---|
| 1. | **FOR FOREIGN CONTRIBUTORS** All India Pingalwara Charitable Society (Regd.), Amritsar. | 01562010002890 | Oriental Bank of Commerce Sharifpura Amritsar | ORBC 0100156 | ORBCINBBASR |
| 2. | **INLAND ACCOUNT No.** All India Pingalwara Charitable Society (Regd.), Amritsar. | 01562010003720 | Oriental Bank of Commerce Sharifpura Amritsar | ORBC 0100156 | ................ |
| 3. | All India Pingalwara Charitable Society (Regd.), Amritsar. | 10978255668 | State Bank of India Town Hall, Amritsar | SBIN0000609 | SBINHBB274 |
| 4. | All India Pingalwara Charitable Society (Regd.), Amritsar. | 63051010026147 | Bank of India City Centre, Amritsar | BKID0006305 | BKIDINBBASR |
| 5. | All India Pingalwara Charitable Society (Regd.), Amritsar. | 0018002100097336 | Punjab National Bank Hall Bazar, Amritsar | PUNB0001800 | PUNBINBBAHB |
| 6. | All India Pingalwara Charitable Society (Regd.), Amritsar. | 006601012522 | ICICI Bank Ltd., Lawrence Road, Amritsar. | ICIC0000066 | ICICINBBFEX |
| 7. | All India Pingalwara Charitable Society (Regd.), Amritsar. | 01151000246510 | HDFC Bank Ltd., Mall Road, ASR. | HDFC0000115 | HDFCINBB |
| 8. | All India Pingalwara Charitable Society (Regd.), Amritsar. | 00011000096048 | Punjab & Sind Bank Hall Bazar, Amritsar | PSIB000A001 | PSIBINBB017 |
| 9. | All India Pingalwara Charitable Society (Regd.), Amritsar. | 685010100009799 | Axis Bank Ltd. City Centre Amritsar. | UTIB0000685 | AXISINBB179 |
| 10. | All India Pingalwara Charitable Society (Regd.), Amritsar. | 13131000082013 | HDFC Bnak Ltd. Ghanta Ghar, Golden Temple, Asr. | HDFC0001313 | HDFCINBB |
| 11. | All India Pingalwara Charitable Society (Regd.), Amritsar. | 01010100015572 | Bank of Baroda, Town Hall, Amritsar | BARBOAMRITS | BARBINBBAMR |

## ਜੀਵਨ ਜਾਂ ਪਰਲੋ...

ਦੁਨੀਆਂ ਦੇ ਲੋਕੋ, ਮੇਰੀ ਦੁਹਾਈ ਸੁਣੋ !

ਹੁਣ ਵਕਤ ਆ ਗਿਆ ਹੈ ਕਿ ਅਸੀਂ ਪੂਰੀ ਗੰਭੀਰਤਾ ਨਾਲ ਸੋਚੀਏ, ਕਿ ਅਸੀਂ ਦਿਨ-ਬ-ਦਿਨ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ । ਜੇ ਅਸੀਂ ਸ਼ਾਂਤੀ ਤੇ ਪਿਆਰ ਨਾਲ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਆ ਰਹੀਆਂ ਤੇ ਆ ਚੁੱਕੀਆਂ ਔਕੜਾਂ ਨਾਲ ਜੂਝਣਾ ਪਵੇਗਾ । ਜੋ ਲੋਕ ਇਸ ਵੱਲ ਧਿਆਨ ਨਹੀਂ ਦੇ ਰਹੇ ਉਨ੍ਹਾਂ ਨੂੰ ਇਸ ਅਣਗਹਿਲੀ ਦੀ ਸਜ਼ਾ ਭੁਗਤਣੀ ਪਵੇਗੀ । ਇਸ ਚਿੰਤਾਜਨਕ ਤੇ ਵਿਗੜਦੇ ਵਾਤਾਵਰਣ ਦਾ ਨਤੀਜਾ ਇਹ ਹੋਵੇਗਾ ਕਿ ਲੋਕ ਭੁੱਖੇ ਮਰਨਗੇ । ਡੇਢ ਕਰੋੜ ਲੋਕੀਂ ਹਰ ਸਾਲ ਭੁੱਖ ਨਾਲ ਮਰਨਗੇ । ਅਗਲੇ 100 ਸਾਲਾਂ ਵਿੱਚ ਦੁਨੀਆਂ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਸੋਕਾ ਪਵੇਗਾ । ਮੌਸਮ ਵਿੱਚ ਭਾਰੀ ਬਦਲਾਓ ਆਉਣਗੇ। ਸਾਡੀ ਧਰਤੀ ਇਕ ਵਾਰ ਫਿਰ ਬਰਫ਼ਾਨੀ ਯੁੱਗ ਵਿੱਚ ਪਹੁੰਚ ਜਾਵੇਗੀ । ਉਪਜਾਊ-ਧਰਤੀ ਬੰਜਰ ਹੋ ਜਾਵੇਗੀ । ਇਨ੍ਹਾਂ ਸਾਰੀਆਂ ਔਕੜਾਂ ਬਾਰੇ ਜਾਣਕਾਰੀ ਲਈ ਪਿੰਗਲਵਾੜੇ ਦਾ ਸਾਹਿਤ ਪੜ੍ਹੋ। ਜੀਵਨ ਸੁਰੱਖਿਅਤ ਰੱਖਣ ਦਾ ਇਹੋ ਹੀ ਇਕੋ ਇਕ ਤਰੀਕਾ ਹੈ ।

-ਭਗਤ ਪੂਰਨ ਸਿੰਘ

-o-



### ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ